ਸੰਪਾਦਕੀ

ਜਲਦੀ ਨਿਆਂ ਲਈ ਪ੍ਰਬੰਧ

ਭਾਰਤ ਦੀ ਨਿਆਂ ਪ੍ਰਣਾਲੀ ਵਿੱਚ ਕਈ ਖੋਟ ਹਨ। ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਅਦਾਲਤਾਂ ਵਿੱਚ ਚੱਲ ਰਹੇ ਮੁਕੱਦਮੇ ਦਹਾਕਿਆਂ ਤੱਕ ਕਿਸੇ ਸਿੱਟੇ ਤੇ ਨਹੀਂ ਪਹੁੰਚਦੇ। ਇਸ ਤਰ੍ਹਾਂ ਨਿਆਂ ਦੇਣ ਵਿੱਚ ਦੇਰੀ ਹੋ ਜਾਂਦੀ ਹੈ। ਹਾਲ ਇਹ ਹੈ ਕਿ ਅਦਾਲਤਾਂ ਵਿੱਚ ਫਰਿਆਦ ਕਰਨ ਵਾਲੇ ਇਸ ਦੁਨੀਆਂ ਤੋਂ ਚੱਲੇ ਜਾਂਦੇ ਹਨ, ਪ੍ਰੰਤੂ ਅਦਾਲਤਾਂ ਦੇ ਫੈਸਲੇ ਨਹੀਂ ਆਉਂਦੇ। ਅਦਾਲਤਾਂ ਕੋਲ ਕੇਸਾਂ ਦੀ ਭਰਮਾਰ ਹੈ। ਜੱਜ ਸਾਹਿਬਾਨਾਂ ਕੋਲ ਕੰਮ ਦਾ ਬੋਝ ਹੋਣ ਕਾਰਨ ਇਹ ਮੁਕੱਦਮੇ ਜਲਦੀ ਨਹੀਂ ਨਿਪਟਾਏ ਜਾਂਦੇ। ਸਰਕਾਰ ਨੇ ਹੁਣ ਇਸ ਮਾਮਲੇ 'ਚ ਦਖਲ ਦੇਣ ਦਾ ਨਿਰਣਾ ਲਿਆ ਹੈ। ਉੱਚ ਨਿਆਂਇਕ ਸੇਵਾ ਵਿੱਚ ਜਵਾਬਦੇਹੀ ਅਤੇ ਮਾਪਦੰਡ ਸਥਾਪਤ ਕਰਨ ਲਈ ਸਰਕਾਰ ਵੱਲੋਂ ਬਣਾਏ ਜਾ ਰਹੇ ਪ੍ਰਸਤਾਵਿਤ ਨਵੇਂ ਕਾਨੂੰਨ ਤਹਿਤ ਜੱਜਾਂ ਨੂੰ ਕਿਸੇ ਮਾਮਲੇ ਵਿੱਚ ਬਹਿਸ ਪੂਰੀ ਹੋਣ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣਾ ਫੈਸਲਾ ਸੁਣਾਉਣਾ ਪਵੇਗਾ। ਕਾਨੂੰਨ ਮੰਤਰਾਲੇ ਦੇ ਪ੍ਰਸਤਾਵਿਤ ਜੁਡੀਸ਼ੀਅਲ ਸਟੈਂਡਰਡ ਐਂਡ ਅਕਰਾਊਂਟਬਿਲਟੀ ਬਿੱਲ 2010 ਦਾ ਮਕਸਦ ਨਿਆਂਇਕ ਸੇਵਾਵਾਂ ਵਿੱਚ ਉੱਚ-ਮਾਪਦੰਡ ਸਥਾਪਤ ਕਰਨਾ ਹੈ। ਸਰਕਾਰ ਦੀ ਇਹ ਇੱਛਾ ਹੈ ਕਿ ਦੇਸ਼ ਵਿੱਚ ਅਜਿਹੀ ਨਿਆਂ ਪ੍ਰਣਾਲੀ ਵਿਕਸਤ ਕੀਤੀ ਜਾਵੇ ਜਿਹੜੀ ਲੋਕਾਂ ਪ੍ਰਤੀ ਵਧੇਰੇ ਜਵਾਬਦੇਹੀ ਨਾਲ ਕੰਮ ਕਰੇ। ਇਸ ਦੇ ਨਾਲ ਹੀ ਸੁਪਰੀਮ ਕੋਰਟ ਅਤੇ ਹਾਈਕੋਰਟ ਦੇ ਜੱਜਾਂ ਖਿਲਾਫ ਦੁਰਵਿਵਹਾਰ ਅਤੇ ਵਧੀਕੀਆਂ ਦੀਆਂ ਸ਼ਿਕਾਇਤਾਂ ਦੂਰ ਕਰਨ ਦੀ ਇੱਕ ਪ੍ਰਣਾਲੀ ਵੀ ਵਿਕਸਤ ਕੀਤੀ ਜਾ ਰਹੀ ਹੈ। ਸਰਕਾਰ ਇਸ ਸਬੰਧ ਵਿੱਚ ਜਲਦ ਹੀ ਇੱਕ ਬਿੱਲ ਸੰਸਦ ਵਿੱਚ ਲਿਆ ਰਹੀ ਹੈ। ਇਸ ਪ੍ਰਸਤਾਵਤ ਬਿੱਲ ਵਿੱਚ ਜੱਜਾਂ ਦੀ ਜਾਇਦਾਦ ਅਤੇ ਜ਼ਿੰਮੇਵਾਰੀਆਂ ਦਾ ਐਲਾਨ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸ ਬਿੱਲ ਨੂੰ ਹਾਲੇ ਕੇਂਦਰੀ ਮੰਤਰੀ ਮੰਡਲ ਨੇ ਮਨਜ਼ੂਰੀ ਨਹੀਂ ਦਿੱਤੀ। ਮੰਤਰੀ ਮੰਡਲ ਦੀ ਮਨਜ਼ੂਰੀ ਤੋਂ ਬਾਅਦ ਹੀ ਇਹ ਬਿੱਲ ਸੰਸਦ ਦੇ ਚਾਲੂ ਬੱਜਟ ਸੈਸ਼ਨ ਦੌਰਾਨ ਹੀ ਪੇਸ਼ ਕੀਤਾ ਜਾ ਸਕਦਾ ਹੈ। ਬਿੱਲ ਦੇ ਖਰੜੇ ਵਿੱਚ ਕਿਹਾ ਗਿਆ ਹੈ ਕਿ ਉੱਚ ਨਿਆਂਇਕ ਸੇਵਾਵਾਂ ਦੇ ਮੈਂਬਰਾਂ ਨੂੰ ਆਪਣੇ ਨਿਆਂਇਕ ਕੰਮਾਂ ਦੌਰਾਨ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਫੈਸਲੇ ਧਰਮ, ਨਸਲ, ਜਾਤੀ, ਲਿੰਗ ਜਾਂ ਜਨਮ ਸਥਾਨ ਤੋਂ ਪ੍ਰਭਾਵਤ ਨਹੀਂ ਹੋਣੇ ਚਾਹੀਦੇ। ਨਵੇਂ ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ ਕਿ ਕੋਈ ਵੀ ਜੱਜ ਚੋਣਾਂ ਨਹੀਂ ਲੜ ਸਕੇਗਾ। ਨਾ ਹੀ ਜੱਜ ਸਾਹਿਬਾਨ ਕਿਸੇ ਕਲੱਬ ਜਾਂ ਸੰਗਠਨ ਦੇ ਮੈਂਬਰ ਬਣ ਸਕਦੇ ਹਨ। ਜੱਜਾਂ ਦੇ ਕੰਮਕਾਜ ਨੂੰ ਸਾਫ ਸੁਥਰਾ ਬਣਾਉਣ ਲਈ ਇਹ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ ਕਿ ਜੱਜਾਂ 'ਤੇ ਸਬੰਧਿਤ ਬਾਰ ਦੇ ਵਕੀਲਾਂ ਨਾਲ ਮੇਲਜੋਲ ਰੱਖਣ 'ਤੇ ਪਾਬੰਦੀ ਲਗਾਈ ਜਾਵੇ। ਜੱਜ ਨਵੇਂ ਜਾਬਤੇ ਤਹਿਤ ਆਪਣੇ ਸਬੰਧੀਆਂ ਤੋਂ ਇਲਾਵਾ ਹੋਰ ਕਿਸੇ ਕੋਲੋਂ ਤੋਹਫੇ ਜਾਂ ਮਹਿਮਾਨ ਨਿਵਾਜ਼ੀ ਸਵੀਕਾਰ ਨਹੀਂ ਕਰ ਸਕਣਗੇ। ਜੱਜ ਆਪਣੇ ਫੈਸਲੇ ਸਬੰਧੀ ਮੀਡੀਆ ਨੂੰ ਇੰਟਰਵਿਊ ਜਾਂ ਪ੍ਰਤੀਕਰਮ ਦੇਣ ਤੋਂ ਰੋਕਣ ਦੇ ਪ੍ਰਬੰਧ ਵੀ ਕੀਤੇ ਜਾ ਰਹੇ ਹਨ। ਜੱਜਾਂ ਨੂੰ ਕਿਸੇ ਤਰ੍ਹਾਂ ਦੀ ਜਨਤਕ ਸਿਆਸੀ ਬਹਿਸ ਵਿੱਚ ਹਿੱਸਾ ਲੈਣ ਤੋਂ ਵੀ ਰੋਕਿਆ ਜਾਵੇਗਾ। ਇੱਕ ਤਰ੍ਹਾਂ ਨਾਲ ਅਜਿਹੇ ਕਦਮ ਚੁੱਕਣ ਦਾ ਮਕਸਦ ਨਿਆਂ ਪ੍ਰਣਾਲੀ ਵਿੱਚ ਇੱਕ ਉੱਚ-ਸਦਾਚਾਰ ਕਾਇਮ ਕਰਨਾ ਹੈ। ਇਸ ਸਮੇਂ ਜੱਜਾਂ ਦੇ ਵਿਵਹਾਰ ਬਾਰੇ ਕਈ ਪੱਧਰਾਂ'ਤੇ ਬਹਿਸ ਚੱਲ ਰਹੀ ਹੈ। ਦੇਸ਼ ਵਿੱਚ ਇਹ ਆਮ ਰਾਇ ਬਣ ਰਹੀ ਹੈ ਕਿ ਕਾਰਜ ਪਾਲਿਕਾ ਅਤੇ ਵਿਧਾਨ ਪਾਲਕਾ ਦੇ ਨਾਲ-ਨਾਲ ਨਿਆਂ ਪਾਲਿਕਾ ਨੂੰ ਵੀ ਬਰਾਬਰ ਜਵਾਬ ਦੇਹ ਬਣਾਇਆ ਜਾਵੇ। ਇਸ ਸੋਚ ਤਹਿਤ ਹੀ ਸਰਕਾਰ ਨੇ ਪਹਿਲਾਂ ਜੱਜਾਂ ਦੀਆਂ ਜਾਇਦਾਦਾਂ ਨੂੰ ਜਨਤਕ ਕਰਨ ਦਾ ਕਦਮ ਚੁੱਕਿਆ ਸੀ। ਇਸ ਮਾਮਲੇ 'ਚ ਸਭ ਤੋਂ ਸਕੂਨ ਵਾਲੀ ਗੱਲ ਇਹ ਹੈ ਕਿ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਦੇਸ਼ ਦੀ ਸੁਪਰੀਮ ਕੋਰਟ ਅਤੇ ਦੂਸਰੀਆਂ ਅਹਿਮ ਅਦਾਲਤਾਂ ਦੇ ਜੱਜ ਸਾਹਿਬਾਨ ਪੂਰਾ ਸਹਿਯੋਗ ਦੇ ਰਹੇ ਹਨ। ਨਿਆਂ ਪਾਲਿਕਾ ਵਿੱਚ ਸੁਧਾਰ ਸਮੇਂ ਦੀ ਮੰਗ ਹਨ। ਇਸ ਨਾਲ ਅਦਾਲਤਾਂ ਦੇ ਕੰਮਕਾਜ ਵਿੱਚ ਵੱਡਾ ਸੁਧਾਰ ਆਵੇਗਾ ਅਤੇ ਲੋਕਾਂ ਨੂੰ ਕੁੱਝ ਰਾਹਤ ਮਿਲੇਗੀ। ਸਰਕਾਰ ਨੂੰ ਚਾਹੀਦਾ ਹੈ ਕਿ ਨਵੇਂ ਕਾਨੂੰਨ ਤਹਿਤ ਕੌਮੀ ਅਤੇ ਖੇਤਰੀ ਪੱਧਰ 'ਤੇ ਉੱਚ ਤਾਕਤੀ ਨਿਗਰਾਨ ਕਮਿਸ਼ਨ ਕਾਇਮ ਕੀਤੇ ਜਾਣ, ਜਿਹੜੇ ਨਿਆਂ ਪਾਲਿਕਾ ਦੇ ਕੰਮਕਾਜ ਦੀ ਲਗਾਤਾਰ ਸਮੀਖਿਆ ਕਰਨ। ਇਸ ਤਰ੍ਹਾਂ ਅਦਾਲਤਾਂ ਵਿੱਚ ਜੱਜਾਂ ਦੀਆਂ ਅਸਾਮੀਆਂ ਵੀ ਤੁਰੰਤ ਭਰੀਆਂ ਜਾਣ। ਸਾਲਾਂ ਤੋਂ ਚੱਲ ਰਹੇ ਮੁਕੱਦਮਿਆਂ ਦੇ ਤੁਰੰਤ ਨਿਪਟਾਰੇ ਲਈ ਵੀ ਉਚੇਚੇ ਕਦਮ ਚੁੱਕਣੇ ਹੋਣਗੇ। ਆਮ ਲੋਕਾਂ ਨੂੰ ਜਲਦੀ ਅਤੇ ਸਰਲ ਨਿਆਂ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨ ਸਵਾਗਤਯੋਗ ਹਨ।

-ਬਲਜੀਤ ਸਿੰਘ ਬਰਾੜ

ਭਾਰਤੀ ਅਦਾਲਤਾਂ ਵਿੱਚ ਇਨਸਾਫ ਲੈਣ ਲਈ ਲੰਮੀਆਂ ਉਡੀਕਾਂ ਕਿਉਂ ?

ਗੁਰਮੇਲ ਸਿੰਘ ਬਰਗਾੜੀ ਕੈਨੇਡਾ

ਅੱਜ ਅਸੀਂ ਭਾਰਤੀ ਸੰਵਿਧਾਨ ਦੀ ਸਥਾਪਨਾ ਦੇ 60 ਸਾਲ ਪੂਰੇ ਕਰ ਚੁੱਕੇ ਹਾਂ। ਬੀਤੇ 60 ਸਾਲਾਂ ਵਿੱਚ ਭਾਰਤੀ ਕਾਨੂੰਨ ਵਿਵਸਥਾ ਨੇ ਆਮ ਭਾਰਤੀ ਨਾਗਰਿਕ ਨੂੰ ਛੇਤੀ ਤੋਂ ਛੇਤੀ ਇਨਸਾਫ਼ ਦੇਣ ਲਈ ਕਿਸ ਤਰ੍ਹਾਂ ਦਾ ਸਫ਼ਰ ਤੈਅ ਕੀਤਾ ਹੈ। ਇਸ ਦਾ ਲੇਖਾ-ਜੋਖਾ ਕਰਨਾ ਬਣਦਾ ਹੈ। ਕਾਨੂੰਨ ਦੀਆਂ ਨਜ਼ਰਾਂ ਵਿੱਚ ਸਭ ਭਾਰਤੀ ਬਰਾਬਰ ਹਨ। ਅਮੀਰ, ਗਰੀਬ ਦਾ ਵਿਤਕਰਾ ਨਹੀਂ ਕੀਤਾ ਜਾ ਸਕਦਾ, ਰੰਗ-ਨਸਲ ਦਾ ਭੇਦ-ਭਾਵ ਨਹੀਂ ਹੋਣਾ ਚਾਹੀਦਾ। ਇਹ ਸਭ ਕੁੱਝ ਸੰਵਿਧਾਨ ਵਿੱਚ ਦਰਜ ਹੈ। ਸਾਡੇ ਕਾਨੂੰਨ ਮੁਤਾਬਿਕ ਹਰ ਭਾਰਤੀ ਨੂੰ ਬਰਾਬਰ ਤਰੱਕੀ ਦੇ ਮੌਕੇ ਮਿਲਣੇ ਚਾਹੀਦੇ ਹਨ।

ਹਰ ਆਦਮੀ ਦੀ ਜਾਨ-ਮਾਲ ਦੀ ਰਾਖੀ ਦੀ ਸਰਕਾਰ ਜ਼ੁੰਮੇਵਾਰ ਹੈ। ਹਰ ਆਦਮੀ ਨੂੰ ਉਸ ਦੀ ਹੈਸੀਅਤ ਮੁਤਾਬਿਕ ਕੰਮ ਅਤੇ ਕਮ ਦਾ ਠੀਕ ਮੁਆਵਜ਼ਾ ਮਿਲਣਾ ਚਾਹੀਦਾ ਹੈ ਤਾਂ ਕਿ ਹਰ ਭਾਰਤੀ ਨੂੰ ਰੋਟੀ, ਕੱਪੜਾ ਅਤੇ ਮਕਾਨ ਮੁਹੱਈਆ ਕਰਵਾਇਆ ਜਾ ਸਕੇ। ਬਿਮਾਰੀ ਦੀ ਹਾਲਤ ਵਿੱਚ ਉਸ ਦਾ ਠੀਕ ਢੰਗ ਨਾਲ ਇਲਾਜ ਕੀਤਾ ਜਾਵੇ ਤਾਂ ਕਿ ਉਹ ਸਿਹਤਯਾਬ ਹੋ ਕੇ ਫਿਰ ਤੋਂ ਦੇਸ਼ ਦੀ ਤਰੱਕੀ ਵਿੱਚ ਜੁੱਟ ਜਾਵੇ। ਚੰਗੀ ਤਰ੍ਹਾਂ ਜੀਵਨ ਬਤੀਤ ਕਰਨ ਲਈ ਘੱਟੋ-ਘੱਟ ਦਿਹਾੜੀ ਤਹਿ ਵੀ ਸਰਕਾਰ ਕਰਦੀ ਹੈ, ਜਿਸ ਮੁਤਾਬਕ ਆਮ ਆਦਮੀ ਆਪਣੀਆਂ ਮੁੱਢਲੀਆਂ ਸਹੂਲਤਾਂ ਪੂਰੀਆਂ ਕਰ ਸਕੇ। ਅਗਰ ਕੋਈ ਜਰਵਾਣਾ ਆਦਮੀ ਕਿਸੇ ਕਮਜ਼ੋਰ ਨੂੰ ਗੈਰ-ਕਾਨੂੰਨੀ ਢੰਗ ਨਾਲ ਤੰਗ-ਪ੍ਰੇਸ਼ਾਨ ਕਰੇ ਤਾਂ ਉਸ ਨੂੰ ਇਨਸਾਫ਼ ਅਤੇ ਜ਼ੋਰਾਵਰ ਨੂੰ ਬਣਦੀ ਸਜ਼ਾ ਘੱਟ ਤੋਂ ਘੱਟ ਸਮੇਂ ਵਿੱਚ ਦਿੱਤੇ ਜਾਣ ਦੀ ਵਿਵਸਥਾ ਭਾਰਤੀ ਸੰਵਿਧਾਨ ਵਿੱਚ ਦਰਜ਼ ਹੈ।

ਪਰ ਉਪਰੋਕਤ ਗੱਲਾਂ 60 ਸਾਲ ਦੇ ਅਰਸੇ ਤੱਕ ਅੱਪੜਦਿਆਂ ਬੇਮਾਨਾ ਹੋ ਕੇ ਰਹਿ ਗਈਆਂ ਲੱਗਦੀਆਂ ਹਨ। ਅੱਜ ਦੇਸ਼ ਦੇ ਸਰਕਾਰੀ ਤੰਤਰ ਵਿੱਚ ਫੈਲਿਆ ਭ੍ਰਿਸ਼ਟਾਚਾਰ ਦੇਸ਼ ਦੇ ਲੋਕਤੰਤਰ ਉੱਪਰ ਭਾਰੂ ਹੁੰਦਾ ਦਿੱਸ ਰਿਹਾ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਉਨ੍ਹਾਂ ਉੱਪਰ ਨਜ਼ਰ ਰੱਖਣ ਵਾਲੀਆਂ ਸੰਸਥਾਵਾਂ ਆਮ ਆਦਮੀ ਨੂੰ ਇਨਸਾਫ਼ ਦੇਣ ਵਿੱਚ ਅਤੇ ਜ਼ੋਰਾਵਰਾਂ ਨੂੰ ਦੰਡ ਦੇਣ ਵਿੱਚ ਵਿਤਕਰੇਬਾਜ਼ੀ ਕਰਦੀਆਂ ਸਾਫ਼ ਦਿੱਸ ਰਹੀਆਂ ਹਨ। ਭ੍ਰਿਸ਼ਟ ਅਫਸਰਸ਼ਾਹੀ, ਗੁੰਡਾ ਅਨਸਰਾਂ ਅਤੇ ਰਾਜਨੀਤਕ ਆਗੂਆਂ ਦਾ ਗੱਠਜੋੜ ਇਨਸਾਫ਼ ਦੇ ਰਾਹ ਵਿੱਚ ਰੋੜ੍ਹੇ ਅਟਕਾਉਂਦਾ ਨਜ਼ਰ ਆ ਰਿਹਾ ਹੈ ਕਿਉਂਕਿ ਉਹ ਦੇਸ਼ ਦੀ ਰਾਜਨੀਤੀ ਉੱਪਰ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕਿਆ ਹੈ। ਅੱਜ ਦੇਸ਼ ਅੰਦਰ ਸਭ ਤੋਂ ਮਾੜੀ ਹਾਲਤ ਕਾਨੂੰਨ ਦੀ ਹੋਈ ਲੱਗਦੀ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਅਫਸਰ ਅਤੇ ਕਾਨੂੰਨ ਘੜ੍ਹਨ ਵਾਲੀਆਂ ਸੰਸਥਾਵਾਂ ਦੇ ਲੋਕਾਂ ਦੁਆਰਾ ਚੁਣੇ ਨੁਮਾਇੰਦੇ ਕਾਨੂੰਨ ਨੂੰ ਠੀਕ ਢੰਗ ਨਾਲ ਕੰਮ ਕਰਨ ਦੇ ਰਾਹ ਵਿੱਚ ਅੜਿੱਕੇ ਖੜ੍ਹੇ ਕਰਦੇ ਦਿੱਸ ਰਹੇ ਹਨ। ਸੰਸਥਾਵਾਂ ਦੇ ਆਗੂ ਕਾਨੂੰਨ ਵਿੱਚ ਨਜ਼ਰ ਆਉਂਦੀਆਂ ਤਰੁੱਟੀਆਂ ਨੂੰ ਸੋਧਾਂ ਦੁਆਰਾ ਠੀਕ ਕਰਨ ਲਈ ਜ਼ਿੰਮੇਵਾਰ ਹਨ ਪਰ ਉਹ ਇਸ ਜ਼ੁੰਮੇਵਾਰੀ ਨੂੰ ਠੀਕ ਢੰਗ ਨਾਲ ਨਿਭਾ ਨਹੀਂ ਰਹੇ।

ਦੇਸ਼ ਦੀ ਪਾਰਲੀਮੈਂਟ ਵਿੱਚ ਅਤੇ ਰਾਜਾਂ ਦੀਆਂ ਅਸੈਂਬਲੀਆਂ ਵਿੱਚ ਮੁਜ਼ਰਮਪੇਸ਼ਾ ਲੋਕ ਜਿਨ੍ਹਾਂ ਉੱਪਰ ਸੰਗੀਨ ਕਿਸਮ ਦੇ ਜ਼ੁਰਮਾਂ ਵਿੱਚ ਪਰਚੇ ਦਰਜ ਹਨ, ਉਨ੍ਹਾਂ ਨੂੰ ਚੋਣਾਂ ਵਿੱਚ ਭਾਗ ਲੈਣ ਤੋਂ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ। ਪਰ ਸਾਡੇ ਦੇਸ਼ ਦੀ ਪਾਰਲੀਮੈਂਟ ਵਿੱਚ ਤੀਜਾ ਹਿੱਸਾ ਮੈਂਬਰ ਅਜਿਹੇ ਚੁਣ ਕੇ ਪੁੱਜਣ ਵਿੱਚ ਕਾਮਯਾਬ ਹੋ ਗਏ ਹਨ। ਕਈਆਂ ਉੱਪਰ ਤਾਂ ਕਤਲ ਤੱਕ ਦੇ ਕਈ-ਕਈ ਕੇਸ ਦਰਜ ਹਨ। ਪਰ ਮੌਜੂਦਾ ਕਾਨੂੰਨ ਆਖਦਾ ਹੈ ਕਿ ਜਦੋਂ ਤੱਕ ਅਦਾਲਤ ਸਜ਼ਾ ਨਾ ਦੇਵੇ, ਉਸ ਨੂੰ ਮੁਜ਼ਰਮ ਨਹੀਂ ਮੰਨਿਆ ਜਾ ਸਕਦਾ। ਇਸ ਦਾ ਫਾਇਦਾ ਉਠਾ ਕੇ ਕਾਤਲੀ ਲੋਕ ਮੈਂਬਰ ਪਾਰਲੀਮੈਂਟ ਅਤੇ ਦੇਸ਼ ਦੀਆਂ ਅਸੈਂਬਲੀਆਂ ਤੱਕ ਪੁੱਜ ਰਹੇ ਹਨ। ਫੂਲਨ ਦੇਵੀ ਇੱਕ ਡਾਕੂ,ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਵਾਲੀ ਇਸਤਰੀ ਰਾਜਨੀਤਿਕ ਨਾਲ ਸਾਂਡ-ਗਾਂਢ ਕਰ ਕੇ ਮੈਂਬਰ ਪਾਰਲੀਮੈਂਟ ਬਣ ਗਈ, ਨਾਲੇ ਅਦਾਲਤਾਂ ਵਿੱਚ ਕੇਸ ਚੱਲੀ ਗਏ। ਕਾਨੂੰਨ ਦੀ ਬੇਵਸੀ ਵੇਖ ਕੇ ਕਿਸੇ ਪੀੜ੍ਹਤ ਨੇ ਉਸ ਨੂੰ ਸਿੱਧੀ ਕਾਰਵਾਈ ਕਰ ਕੇ ਗੋਲੀ ਮਾਰ ਕੇ ਖਤਮ ਕਰ ਦਿੱਤਾ, ਪਰ ਕਾਨੂੰਨ ਉਸ ਨੂੰ ਸਜ਼ਾ ਨਾ ਦੇ ਸਕਿਆ।

ਹੁਣੇ-ਹੁਣੇ ਝਾਰਖੰਡ ਵਿੱਚ ਚੋਣਾਂ ਹੋ ਕੇ ਹਟੀਆਂ ਹਨ। ਝਾੜਖੰਡ ਮੁਕਤੀ ਮੋਰਚੇ ਦੇ ਆਗੂ ਸ਼ਿਬੂ ਸਰੇਨ ਜਿਸ ਉੱਪਰ ਅੱਜ ਤੋਂ 36 ਸਾਲ ਪਹਿਲਾਂ ਦੂਹਰਾ ਕਤਲ ਕੇਸ ਦਰਜ ਸੀ ਪਰ 30 ਸਾਲ ਪੜਤਾਲੀਆ ਏਜੰਸੀ (ਪੁਲਿਸ) ਨੇ ਉਸ ਨੂੰ ਠੰਡੇ ਬਸਤੇ ਵਿੱਚ ਪਾਈ ਰੱਖਿਆ। ਜਦੋਂ ਲੋੜ ਸਮਝੀ ਤਾਂ ਸੱਤਾਧਾਰੀ ਪਾਰਟੀ ਦਾ ਇਸ਼ਾਰਾ ਮਿਲਿਆ ਤਾਂ ਉਸ ਨੂੰ ਫੜ੍ਹ ਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਜਦ ਕਿ ਉਸ ਵੇਲੇ ਉਹ ਕੇਂਦਰ ਸਰਕਾਰ ਵਿੱਚ ਮੰਤਰੀ ਸੀ। ਫੇਰ ਉਸ ਨੂੰ ਸ਼ੈਸ਼ਨ ਕੋਰਟ ਵਿੱਚੋਂ ਸਜ਼ਾ ਵੀ ਹੋ ਗਈ। ਉਸ ਨੇ ਹਾਈਕੋਰਟ ਤੋਂ ਜ਼ਮਾਨਤ ਲੈ ਲਈ। ਹੁਣ ਉਹ ਝਾਰਖੰਡ ਵਿੱਚ ਉਸੇ ਪਾਰਟੀ ਦੀ ਮੱਦਦ ਨਾਲ ਜਿਸ ਨੇ ਉਸ ਨੂੰ ਸਜ਼ਾ ਦਿਵਾਈ ਸੀ, ਰਾਜ ਦਾ ਮੁੱਖ ਮੰਤਰੀ ਬਣ ਗਿਆ ਹੈ। ਉਸ ਕੇਸ ਦਾ ਅੰਤਿਮ ਫੈਸਲਾ ਸੁਪਰੀਮ ਕੋਰਟ ਤੱਕ ਜਾ ਸਕਦਾ ਹੈ, ਉਦੋਂ ਤੱਕ ਕਿਤਨੇ ਸਾਲ ਲੱਗਣਗੇ, ਇਸ ਦਾ ਅੰਦਾਜ਼ਾ ਚੀਫ ਜਸਟਿਸ ਵੱਲੋਂ ਅੰਕੜੇ ਕਿ ਸਰਵਉੱਚ ਅਦਾਲਤ ਅੰਦਰ 50 ਹਜ਼ਾਰ ਕੇਸ ਪੈਂਡਿੰਗ ਪਏ ਹਨ, ਤੋਂ ਸਹਿਜੇ ਲਗਾਇਆ ਜਾ ਸਕਦਾ ਹੈ ਤੇ ਉਦੋਂ ਤੱਕ ਹੋ ਸਕਦਾ ਹੈ ਸ਼ਿਬੂ ਸਰੇਨ ਆਪਣੀ ਉਮਰ ਪੂਰੀ ਕਰ ਕੇ ਰੱਬ ਦੀ ਕਚਹਿਰੀ ਵਿੱਚ ਚਲਾ ਜਾਵੇ, ਸ਼ਾਇਦ ਉਸ ਨੂੰ ਸਜ਼ਾ ਫੇਰ ਰੱਬ ਹੀ ਦੇਵੇ।

ਇਸੇ ਤਰ੍ਹਾਂ ਹਰਿਆਣਾ ਰਾਜ ਅੰਦਰ 1990 ਵਿੱਚ ਇੱਕ ਟੈਨਿਸ ਖਿਡਾਰਿਨ ਰੁਚਿਕਾ ਉਮਰ 14 ਸਾਲ ਉੱਪਰ ਟੈਨਿਸ ਸੰਗ ਦੇ ਪ੍ਰਧਾਨ ਇੱਕ ਉੱਚ ਪੁਲਿਸ ਅਫਸਰ ਨੇ ਮਾੜੀ ਨਜ਼ਰ ਰੱਖ ਕੇ ਉਸ ਨੂੰ ਕਾਬੂ ਕਰਨ ਲਈ, ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਤਾਂ 1993 ਵਿੱਚ ਉਸ ਲੜਕੀ ਨੇ ਪ੍ਰੇਸ਼ਾਨੀ ਦੀ ਹਾਲਤ ਵਿੱਚ ਕੋਈ ਚਾਰਾ ਨਾ ਚਲਦਾ ਵੇਖ ਕੇ ਆਤਮ ਹੱਤਿਆ ਕਰ ਲਈ। ਉਸ ਪੁਲਿਸ ਅਧਿਕਾਰੀ ਉੱਪਰ ਕੇਸ ਦਰਜ ਕੀਤਾ ਗਿਆ ਪਰ ਉਸ ਨੇ ਉਸ ਕੇਸ ਨੂੰ 19 ਸਾਲਾਂ ਤੱਕ ਕਿਸੇ ਫੈਸਲੇ 'ਤੇ ਪੁੱਜਣ ਤੋਂ ਰੋਕੀ ਰੱਖਿਆ ਅਤੇ ਉਹ ਆਪਣੇ ਰਾਜਨੀਤਿਕ ਆਗੂਆਂ ਤੋਂ ਤਰੱਕੀਆਂ ਲੈ ਕੇ ਰਾਜ ਦਾ ਡੀ.ਜੀ.ਪੀ. ਬਣ ਗਿਆ। ਹੁਣ ਉਹ ਰਿਟਾਇਰਡ ਹੋ ਚੁੱਕਾ ਹੈ। ਉਸ ਦੇ ਕੇਸ ਦੀ ਪੜਤਾਲ ਸੀ.ਬੀ.ਆਈ. ਜੋ ਦੇਸ ਦੀ ਸਭ ਤੋਂ ਉੱਚੀ ਏਜੰਸੀ ਹੈ ਨੇ ਕੀਤੀ। 19 ਸਾਲ ਬਾਅਦ ਸੀ.ਬੀ.ਆਈ.ਦੀ ਅਦਾਲਤ ਨੇ ਉਸ ਅਫਸਰ ਨੂੰ ਸਿਰਫ਼ 6 ਮਹੀਨੇ ਦੀ ਸਜ਼ਾ ਅਤੇ ਇੱਕ ਹਜ਼ਾਰ ਰੁਪਏ ਜ਼ੁਰਮਾਨਾ ਕੀਤਾ ਅਤੇ ਫੌਰੀ ਉਸ ਦੀ ਜਮਾਨਤ ਲੈ ਲਈ ਤਾਂ ਕਿ ਉਹ ਕੇਸ ਦੀ ਅਪੀਲ ਉਪਰਲੀ ਅਦਾਲਤ ਵਿੱਚ ਕਰ ਸਕੇ। ਦੇਸ਼ ਦੇ ਪ੍ਰੈੱਸ ਅਤੇ ਇਲੈਕਟ੍ਰੋਨਿਕ ਮੀਡੀਏ ਵਿੱਚ ਇਸ ਬੇਇਨਸਾਫੀ ਉੱਤੇ ਤੂਫਾਨ ਉੱਠ ਖੜ੍ਹਾ ਹੋਇਆ ਤਾਂ ਹਰਿਆਣਾ ਸਰਕਾਰ ਨੇ ਉਸ ਉੱਤੇ ਫਿਰ ਤੋਂ ਨਵਾਂ ਕੇਸ ਦਰਜ ਕਰਕੇ ਫੇਰ ਚਾਰਜ ਕੀਤਾ ਹੈ ਅਤੇ ਕੇਸ ਫੇਰ ਸੀ.ਬੀ.ਆਈ. ਨੂੰ ਸੌਂਪ ਦਿੱਤਾ ਹੈ। ਅਗਰ ਫੇਰ ਸੀ.ਬੀ.ਆਈ. 19 ਸਾਲ ਵਿੱਚ ਸਜ਼ਾ ਦਿਵਾਉਣ ਤੱਕ ਅੱਪੜਦੀ ਹੈ ਤਾਂ ਹੋ ਸਕਦਾ ਹੈ ਮੁਜ਼ਰਮ ਉਦੋਂ ਤੱਕ ਰੱਬ ਨੂੰ ਪਿਆਰਾ ਹੋ ਜਾਵੇ। ਫੇਰ ਰੱਬ ਤਾਂ ਭਾਵੇਂ ਆਪਣੀ ਕਚਹਿਰੀ ਵਿੱਚ ਕੇਸ ਚਲਾ ਕੇ ਸਜ਼ਾ ਦੇਵੇ।

> *ਹਰ ਆਦਮੀ ਦੀ ਜਾਨ-ਮਾਲ ਦੀ ਰਾਖੀ ਦੀ ਸਰਕਾਰ ਜ਼ੁੰਮੇਵਾਰ ਹੈ। ਹਰ ਆਦਮੀ ਨੂੰ ਉਸ ਦੀ ਹੈਸੀਅਤ ਮੁਤਾਬਿਕ ਕੰਮ ਅਤੇ ਕਮ ਦਾ ਠੀਕ ਮੁਆਵਜ਼ਾ ਮਿਲਣਾ ਚਾਹੀਦਾ ਹੈ ਤਾਂ ਕਿ ਹਰ ਭਾਰਤੀ ਨੂੰ ਰੋਟੀ, ਕੱਪੜਾ ਅਤੇ ਮਕਾਨ ਮੁਹੱਈਆ ਕਰਵਾਇਆ ਜਾ ਸਕੇ। ਬਿਮਾਰੀ ਦੀ ਹਾਲਤ ਵਿੱਚ ਉਸ ਦਾ ਠੀਕ ਢੰਗ ਨਾਲ ਇਲਾਜ ਕੀਤਾ ਜਾਵੇ ਤਾਂ ਕਿ ਉਹ ਸਿਹਤਯਾਬ ਹੋ ਕੇ ਫਿਰ ਤੋਂ ਦੇਸ਼ ਦੀ ਤਰੱਕੀ ਵਿੱਚ ਜੁੱਟ ਜਾਵੇ। ਚੰਗੀ ਤਰ੍ਹਾਂ ਜੀਵਨ ਬਤੀਤ ਕਰਨ ਲਈ ਘੱਟੋ-ਘੱਟ ਦਿਹਾੜੀ ਤਹਿ ਵੀ ਸਰਕਾਰ ਕਰਦੀ ਹੈ, ਜਿਸ ਮੁਤਾਬਕ ਆਮ ਆਦਮੀ ਆਪਣੀਆਂ ਮੁੱਢਲੀਆਂ ਸਹੂਲਤਾਂ ਪੂਰੀਆਂ ਕਰ ਸਕੇ। ਅਗਰ ਕੋਈ ਜਰਵਾਣਾ ਆਦਮੀ ਕਿਸੇ ਕਮਜ਼ੋਰ ਨੂੰ ਗੈਰ-ਕਾਨੂੰਨੀ ਢੰਗ ਨਾਲ ਤੰਗ-ਪ੍ਰੇਸ਼ਾਨ ਕਰੇ ਤਾਂ ਉਸ ਨੂੰ ਇਨਸਾਫ਼ ਅਤੇ ਜ਼ੋਰਾਵਰ ਨੂੰ ਬਣਦੀ ਸਜ਼ਾ ਘੱਟ ਤੋਂ ਘੱਟ ਸਮੇਂ ਵਿੱਚ ਦਿੱਤੇ ਜਾਣ ਦੀ ਵਿਵਸਥਾ ਭਾਰਤੀ ਸੰਵਿਧਾਨ ਵਿੱਚ ਦਰਜ਼ ਹੈ।*

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸੀ.ਬੀ.ਆਈ. ਜਾਂ ਪੁਲਿਸ ਪਹੁੰਚ ਵਾਲੇ ਆਦਮੀਆਂ ਉੱਪਰ ਪਹਿਲਾਂ ਤੋਂ ਕੇਸ ਹੀ ਦਰਜ ਨਹੀਂ ਕਰਦੀਆਂ। ਬਹੁਤਾ ਹੀ ਪਬਲਿਕ ਦਬਾ ਜਾਂ ਫੇਰ ਹਾਈਕੋਰਟ ਦੇ ਹੁਕਮਾਂ ਉੱਪਰ ਅਗਰ ਕੇਸ ਦਰਜ ਕਰਨਾ ਪੈ ਜਾਵੇ ਤਾਂ ਫੇਰ ਇਨਕੁਆਰੀ ਦੀ ਧੀਮੀ ਰਫ਼ਤਾਰ ਰਾਹੀਂ ਮੁਰਜ਼ਮਾਂ ਨੂੰ ਫਾਇਦਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੁਲਿਸ ਕੇਲ ਮੁਕੰਮਲ ਕਰ ਕੇ ਅਗਰ 90 ਦਿਨਾਂ ਵਿੱਚ ਅਦਾਲਤ ਵਿੱਚ ਪੇਸ਼ ਨਹੀਂ ਕਰਦੀ ਤਾਂ ਜ਼ੁਰਮ ਭਾਵੇਂ ਕਿੰਨਾ ਵੀ ਸੰਗੀਨ ਕਿਉਂ ਨਾ ਹੋਵੇ ਅਦਾਲਤ ਨੂੰ ਮੁਜ਼ਰਮ ਨੂੰ ਜ਼ਮਾਨਤ ਦੇਣੀ ਲਾਜ਼ਮੀ ਹੋ ਜਾਂਦੀ ਹੈ। ਉਸ ਤੋਂ ਬਾਅਦ ਜਦ ਮੁਜ਼ਰਮ ਜ਼ਮਾਨਤ ਉੱਪਰ ਬਾਹਰ ਆ ਜਾਂਦਾ ਹੈ ਤਾਂ ਫੇਰ ਸਬੰਧਿਤ ਏਜੰਸੀ ਮੁਜ਼ਰਮ ਦੇ ਖਿਲਾਫ਼ ਕੇਸ ਦੀ ਪੈਰਵਾਈ ਕੀੜੀ ਦੀ ਤੋਰ ਤੋਂ ਵੀ ਘੱਟ ਕਰ ਦਿੰਦੀ ਹੈ ਅਤੇ ਸਾਲਾਂ-ਬੱਧੀ ਉਸ ਨੂੰ ਲੰਮਾ ਕਰੀ ਜਾਂਦੀ ਹੈ। ਮੁਜ਼ਰਮ ਆਜ਼ਾਦ ਘੁੰਮਦਾ ਗੁਵਾਹਾਂ ਨੂੰ ਡਰਾ ਕੇ ਜਾਂ ਖੁਸ਼ ਕਰ ਕੇ ਆਪਣੇ ਆਪ ਨੂੰ ਸੁਰੱਖਿਅਤ ਕਰ ਲੈਂਦਾ ਹੈ ਅਤੇ ਮੁਜ਼ਰਮ ਸਬੂਤਾਂ ਦੀ ਘਾਟ ਕਰ ਕੇ ਛੁੱਟ ਜਾਂਦਾ ਹੈ। ਅਜਿਹੇ ਹੱਥ-ਕੰਡੇ ਆਮ ਤੌਰ 'ਤੇ ਰਾਜਨੀਤਿਕ ਆਗੂਆਂ, ਵੱਡੀ ਅਫਸਰਸ਼ਾਹੀ ਜਾਂ ਵੀ.ਆਈ.ਪੀ. ਲੋਕਾਂ ਲਈ ਵਰਤੇ ਜਾਂਦੇ ਹਨ ਤਾਂ ਕਿ ਉਨ੍ਹਾਂ ਦੇ ਕੇਸਾਂ ਨੂੰ ਇਤਨਾ ਲੰਮਾ ਕਰ ਦਿੱਤਾ ਜਾਵੇ ਕਿ ਆਪਣੀ ਪੂਰੀ ਜ਼ਿੰਦਗੀ ਭੋਗਣ ਲਈ ਕਾਨੂੰਨ ਦੀ ਮਾਰ ਤੋਂ ਬਚੇ ਰਹਿਣ। ਸਧਾਰਨ ਜਨਤਾ ਲਈ ਇਨਸਾਫ਼ ਵਿੱਚ ਦੇਰੀ ਘਾਤਕ ਸਿੱਧ ਹੁੰਦੀ ਹੈ। ਛੋਟੇ ਮੋਟੇ ਜ਼ੁਰਮਾਂ ਵਿੱਚ ਫਸੇ ਲੋਕਾਂ ਦੀ ਸਾਲਾਂ ਬੱਧੀ ਬਿਨਾਂ ਵਜ੍ਹਾ ਖੱਜਲ-ਖੁਆਰੀ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਕੇ ਤਬਾਹ ਕਰ ਦਿੰਦੀ ਹੈ। ਅੱਜ-ਕੱਲ੍ਹ ਅਦਾਲਤਾਂ ਦੇ ਫੈਸਲਿਆਂ ਦੀਆਂ ਜੋ ਰਿਪੋਰਟਾਂ ਅਖਬਾਰਾਂ ਵਿੱਚ ਆ ਰਹੀਆਂ ਹਨ। ਉਨ੍ਹਾਂ ਵਿੱਚ ਆਮ ਕੇਸਾਂ ਵਿੱਚ ਫੈਸਲੇ ਪੰਜ ਤੋਂ ਦੱਸ ਸਾਲਾਂ ਵਿੱਚ ਹੋ ਰਹੇ ਹਨ। ਅਗਰ ਝੂਠੇ ਕੇਸਾਂ ਵਿੱਚ ਫਸਾਏ ਆਦਮੀ ਉੱਪਰ ਪੰਜ ਸਾਲ ਤੋਂ ਉੱਪਰ ਕੰਸ ਚੱਲ ਕੇ ਉਹ ਬਾ-ਇੱਜ਼ਤ ਬਰੀ' ਵੀ ਹੋ ਜਾਵੇ ਤਾਂ ਪੰਜ ਸਾਲ ਉਸਨੂੰ ਜੋ ਬੇਇੱਜ਼ਤੀ ਅਤੇ ਤਕਲੀਫ ਝੱਲਣੀ ਪਈ, ਉਸ ਦੀ ਭਰਪਾਈ ਅਦਾਲਤ ਵੱਲੋਂ ਲਿਖੇ 'ਬਾਇੱਜ਼ਤ ਬਰੀ' ਨਾਲ ਕਿਵੇਂ ਹੋ ਸਕੇਗੀ। ਦੇਸ਼ ਦੀਆਂ ਜੇਲ੍ਹਾਂ ਵਿੱਚ ਹਜ਼ਾਰਾਂ ਕੈਦੀ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਉਹ ਇਸ ਕਰ ਕੇ ਜੇਲ੍ਹਾਂ ਵਿੱਚ ਬੰਦ ਹਨ ਕਿ ਪੁਲਿਸ ਵੱਲੋਂ ਉਨ੍ਹਾਂ ਦੀ ਰਿਪੋਰਟ "ਨੋ ਅਬਜੈਕਸ਼ਨ" ਜੇਲ੍ਹ ਅਫਸਰਾਂ ਨੂੰ ਨਹੀਂ ਭੇਜੀ ਗਈ। ਕਿੰਨੀ ਅਜੀਬ ਗੱਲ ਹੈ ਕਿ ਸਜ਼ਾ ਪੂਰੀ ਹੋ ਗਈ ਹੈ, ਪਰ ਰਿਹਾਈ ਦੀ ਉਡੀਕ ਕੀਤੀ ਜਾ ਰਹੀ ਹੈ।

ਅੱਜ-ਤੱਕ ਹਜ਼ਾਰਾਂ ਕਰੋੜਾਂ ਦੇ ਫਰਾਡ ਕਰਨ ਵਾਲੇ ਵੱਡੇ ਅਫਸਰਾਂ ਅਤੇ ਰਾਜਨੀਤਿਕ ਆਗੂਆਂ ਨੂੰ ਦੇਸ਼ ਦੀ ਸਰਬ-ਉੱਚ ਪੜਤਾਲੀਆ ਏਜੰਸੀ ਸੀ.ਬੀ.ਆਈ. ਸਜ਼ਾ ਦਿਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੀ। ਅਸਲ ਕਾਰਨ ਇਹ ਹੈ ਕਿ ਉਹ ਉਨ੍ਹਾਂ ਨੂੰ ਸਜ਼ਾ ਦਿਵਾਉਣਾ ਹੀ ਨਹੀਂ ਚਾਹ ਰਹੀ। ਸਿਰਫ਼ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਪੜਤਾਲਾਂ ਦੇ ਢੌਂਗ ਰਚੇ ਜਾਂਦੇ ਹਨ। ਅਤੇ ਪੜਤਾਲਾਂ ਇੰਨੀਆਂ ਲੰਬੀਆਂ ਕੀਤੀਆਂ ਜਾਂਦੀਆਂ ਹਨ ਕਿ ਇਨਸਾਫ਼ ਬੇਮਾਨਾ ਹੋ ਕੇ ਰਹਿ ਜਾਵੇ। ਇਹ ਸਾਰਾ ਕੁੱਝ ਦੇਸ਼ ਅੰਦਰ ਫੈਲੇ ਭ੍ਰਿਸ਼ਟਾਚਾਰ ਕਰ ਕੇ ਹੈ। ਦੂਜਾ ਵੱਡਾ ਕਾਰਨ ਰਾਜਨੀਤਿਕ ਦਖ਼ਲ-ਅੰਦਾਜ਼ੀ ਕਰ ਕੇ ਵੀ ਹੈ। 1984 ਦੇ ਸਿੱਖ ਵਿਰੋਧੀ ਕਤਲੇਆਮ ਜਿਸ ਵਿੱਚ ਉੱਚ ਕੋਟੀ ਦੇ ਰਾਜਨੀਤਕ ਆਗੂ ਅਤੇ ਵੱਡੀ ਅਫਸਰਸ਼ਾਹੀ ਜ਼ਿੰਮੇਵਾਰ ਸੀ। ਤਿੰਨ ਹਜ਼ਾਰ ਤੋਂ ਉੱਪਰ ਕੀਤੇ ਗਏ ਕਤਲਾਂ ਤੇ ਸਾੜ ਫੂਕ ਲਈ ਅਗਵਾਈ ਕਰਨ ਵਾਲੇ ਆਗੂਆਂ ਨੂੰ 25 ਸਾਲ ਬੀਤ ਜਾਣ ਬਾਅਦ ਵੀ ਪੜਤਾਲੀਆ ਏਜੰਸੀਆਂ ਗੱਲ ਨੂੰ ਕਿਸੇ ਸਿਰੇ ਨਹੀਂ ਲਗਾ ਰਹੀਆਂ। ਸੁਣਵਾਈ ਕਰ ਰਹੀਆਂ ਅਦਾਲਤਾਂ ਵਾਰ-ਵਾਰ ਸਖ਼ਤ ਵਾਰਨਿੰਗ ਕਰ ਰਹੀਆਂ ਹਨ ਪਰ ਪੜਤਾਲੀ ਏਜੰਸੀਆਂ ਗਵਾਹਾਂ ਦੇ ਮੁਕਰਨ ਦਾ ਬਹਾਨਾ ਬਣਾ ਕੇ ਕਈ ਆਗੂਆਂ ਨੂੰ ਕਲੀਨ ਚਿੱਟ ਦੇ ਰਹੀਆਂ ਹਨ। ਦੰਗਾ ਪੀੜ੍ਹਤ ਪਰਿਵਾਰਾਂ ਦਾ ਵਿਸ਼ਵਾਸ ਭਾਰਤੀ ਲੋਕਤੰਤਰ ਤੋਂ ਉੱਠ ਗਿਆ ਹੈ। ਕਾਰਨ ਸਾਫ਼ ਹੈ ਕਿ ਮੁਜ਼ਰਮ ਵੱਡੇ ਰਾਜਨੀਤਿਕ ਆਗੂ ਹਨ।

ਗੁਜ਼ਰਾਤ ਅੰਦਰ ਬੀ.ਜੇ.ਪੀ ਦੇ ਆਗੂ ਅਤੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਮੁਸਲਮ ਵਿਰੋਧੀ ਦੰਗਿਆਂ ਵਿੱਚ ਹਜ਼ਾਰ ਬੇ-ਕਸੂਰ ਮੁਸਲਿਮ ਲੋਕਾਂ ਦਾ ਕਤਲੇਆਮ ਪੁਲਿਸ ਦੀ ਹਾਜ਼ਰੀ ਵਿੱਚ ਹੋਇਆ ਅਤੇ ਪੜਤਾਲਾਂ ਵੀ ਉਸ ਮੁੱਖ ਮੰਤਰੀ ਦੀ ਸਰਦਾਰੀ ਹੇਠਲੀ ਪੁਲਿਸ ਕਰ ਰਹੀ ਹੈ। ਪੀੜ੍ਹਤਾਂ ਨੂੰ ਇਨਸਾਫ਼ ਕਿਵੇਂ ਮਿਲੇ। ਇਨ੍ਹਾਂ ਕੇਸਾਂ ਦੇ ਵੀ ਦਿੱਲੀ ਦੰਗਿਆਂ ਵਾਂਗ ਕਈ ਦਹਾਕੇ ਲੰਬੇ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਗਵਾਹਾਂ ਨੂੰ ਡਰਾਉਣ, ਧਮਕਾਉਣ ਕਰ ਕੇ ਇਨਸਾਫ਼ ਤੱਕ ਅੱਪੜਨ ਦੀ ਉਮੀਦ ਲਗਭਗ ਨਾਂਹ ਦੇ ਬਰਾਬਰ ਹੈ। ਸਰਕਾਰ ਚਲ ਰਹੀ ਧਿਰ ਮੁਸਲਮ ਵਿਰੋਧੀ ਲਹਿਰ ਚਲਾ ਕੇ ਦੂਸਰੀ ਵਾਰ ਫਿਰ ਰਾਜ ਅੰਦਰ ਸਰਕਾਰ ਬਣਾਉਣ ਲਈ ਕਾਮਯਾਬ ਹੋ ਗਈ ਹੈ। ਭ੍ਰਿਸ਼ਟਾਚਾਰ ਦੀ ਵੇਲ ਰਾਜਨੀਤਿਕ ਆਗੂਆਂ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਵੱਡੀ ਅਫਸਰਸ਼ਾਹੀ ਨੂੰ ਆਪਣੀ ਗ੍ਰਿਫਤ ਵਿੱਚ ਲੈ ਚੁੱਕੀ ਹੈ। ਹੁਣ ਇਸ ਨੇ ਆਪਣਾ ਰੁੱਖ ਰੱਖਿਆ ਸੈਨਾਵਾਂ ਅਤੇ ਦੇਸ਼ ਦੀ ਨਿਆਂਪਾਲਿਕਾ ਵੱਲ ਵਧਾਉਣਾ ਸ਼ੁਰੂ ਕੀਤਾ ਹੈ। ਹੁਣੇ-ਹੁਣੇ ਰੱਖਿਆ ਸੈਨਾ ਦੇ ਉੱਚ ਅਧਿਕਾਰੀਆਂ ਦਾ ਕਿਸੇ ਵੱਡੇ ਕਲੋਨੀਆਂ ਕੱਟਣ ਵਾਲੇ ਨਾਲ ਸਾਂਡ-ਗਾਂਢ ਕਰ ਕੇ ਰੱਖਿਆ ਮਹਿਕਮੇ ਦੀ 70 ਏਕੜ ਸ਼ਹਿਰੀ ਜ਼ਮੀਨ ਕੌਡੀਆਂ ਦੇ ਭਾਅ ਵੇਚਣ ਦਾ ਸਕੈਂਡਲ ਨੰਗਾ ਹੋਇਆ, ਜਿਸ ਵਿੱਚ ਰੱਖਿਆ ਮੰਤਰੀ ਦੀ ਦਖ਼ਲ-ਅੰਦਾਜ਼ੀ ਨਾਲ ਕੇਸ ਦਰਜ ਕਰ ਕੇ ਉਨ੍ਹਾਂ ਕਈ ਅਫਸਰਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਹੈ। ਚੀਫ ਆਫ ਆਰਮੀ ਅਫਸਰ ਅਖੀਰ ਤੱਕ ਉਨ੍ਹਾਂ ਭ੍ਰਿਸ਼ਟ ਅਫਸਰਾਂ ਦਾ ਪੱਖ ਪੂਰਦਾ ਦਿੱਸ ਰਿਹਾ ਸੀ।

ਇਸੇ ਤਰ੍ਹਾਂ ਕਰਨਾਟਕ ਹਾਈਕੋਰਟ ਦੇ ਚੀਫ ਜੱਜ ਜੋ ਕਿ ਸੁਪਰੀਮ ਕੋਰਟ ਲਈ ਜੱਜ ਚੁਣਿਆ ਜਾ ਚੁੱਕਾ ਸੀ ਦਾ ਸੈਂਕੜੇ ਏਕੜ ਜ਼ਮੀਨ ਹੜੱਪਣ ਦਾ ਸਕੈਂਡਲ ਨੰਗਾ ਹੋਇਆ ਅਤੇ 75 ਮੈਂਬਰ ਪਾਰਲੀਮੈਂਟ ਵੱਲੋਂ ਉਸ ਦੇ ਖਿਲਾਫ਼ ਦੋਸ਼ ਅਰੋਪਣ ਕਰਨ 'ਤੇ ਪੜਤਾਲ ਹੋ ਰਹੀ ਹੈ। ਉਸ ਵਿੱਚ ਵੀ ਸੁਪਰੀਮ ਕੋਰਟ ਦੇ ਚੀਫ ਜੱਜ ਵੱਜੋਂ ਉਸ ਦੀ ਹਮਾਇਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਗਰ ਹਾਲਾਤ ਇਸੇ ਤਰ੍ਹਾਂ ਗ਼ਲਤ ਪਾਸੇ ਵੱਧਦੇ ਗਏ ਤਾਂ ਦੇਸ਼ ਦੇ ਲੋਕਤੰਤਰ ਦਾ ਕੀ ਬਣੇਗਾ ? ਭਾਰਤੀ ਸੰਵਿਧਾਨ ਨੂੰ ਸਭ ਤੋਂ ਵੱਡਾ ਚੈਲਿੰਜ਼ ਪੇਸ਼ ਹੈ ਕਿ ਇਸ ਦੀ ਰਾਖੀ ਕਿਵੇਂ ਕੀਤੀ ਜਾਵੇ ? ਕਿਸੇ ਵੀ ਦੇਸ਼ ਅੰਦਰ ਕਾਨੂੰਨ ਦੀ ਬਾਲਾਦਸਤੀ ਹੀ ਦੇਸ਼ ਦੇ ਲੋਕਾਂ ਦੀ ਚੰਗੀ ਜ਼ਿੰਦਗੀ ਗੁਜ਼ਾਰਨ ਲਈ ਅਤਿ ਜ਼ਰੂਰੀ ਹੈ। ਲੰਬੀ ਦੇਰ ਬਾਅਦ ਹੋਇਆ ਇਨਸਾਫ਼, ਇਨਸਾਫ਼ ਨਹੀਂ ਹੁੰਦਾ। ਕੇਂਦਰ ਕਾਨੂੰਨ ਮੰਤਰੀ ਨੇ ਲੋਕਾਂ ਦੀ ਸਹੂਲਤ ਨੂੰ ਮੱਦੇ-ਨਜ਼ਰ ਰੱਖਦਿਆਂ ਦੇਸ਼ ਦੀ ਸੁਪਰੀਮ ਕੋਰਟ ਨੂੰ ਚਾਰ ਬੈਂਚਾਂ ਦਿੱਲੀ, ਕੋਲਕਾਤਾ,ਚੇਨਈ ਅਤੇ ਮੁਬੰਈ ਵਿੱਚ ਅਦਾਲਤਾਂ ਕਾਇਮ ਕਰਨ ਉੱਪਰ ਵਿਚਾਰ ਕਰਨ ਦੀ ਗੱਲ ਆਖੀ ਹੈ। ਦੇਸ਼ ਦੀ ਸੁਪਰੀਮ ਕੋਰਟ ਦਾ ਚੀਫ ਜਸਟਿਸ ਪਬਲੀਕਲੀ ਇਸ ਦਾ ਇਹ ਆਖ ਕੇ ਵਿਰੋਧ ਕਰ ਰਿਹਾ ਹੈ ਕਿ ਇਸ ਨਾਲ ਸੁਪਰੀਮ ਕੋਰਟ ਦੀ ਸ਼ਾਨ ਨੂੰ ਠੇਸ ਪੁੱਜੇਗੀ। ਕਿਸੇ ਨੇ ਉਸ ਨੂੰ ਇਸ ਬਾਰੇ ਵਿਚਾਰ ਕਰਨ ਲਈ ਕੋਈ ਅਪੀਲ ਨਹੀਂ ਕੀਤੀ। ਉਸ ਵੱਲੋਂ ਕੀਤੀ ਟਿੱਪਣੀ ਦਿੱਲੀ ਦੇ ਵਕੀਲਾਂ ਨੂੰ ਅਗਰ ਕਾਨੂੰਨ ਬਣਦਾ ਹੈ ਤੇ ਸੁਪਰੀਮ ਕੋਰਟ ਚਾਰ ਬੈਂਚਾਂ ਵਿੱਚ ਵੰਡਿਆ ਜਾਂਦਾ ਹੈ। ਵਾਵੇਲਾ ਖੜ੍ਹਾ ਕਰਨ ਲਈ ਉਕਸਾਉਣ ਦਾ ਕਾਰਨ ਬਣ ਸਕਦੀ ਹੈ। ਇਸੇ ਚੀਫ ਜਸਟਿਸ ਨੇ ਕਰਨਾਟਕਾ ਹਾਈਕੋਰਟ ਜੱਜ ਜਿਸ ਨੂੰ ਸੁਪਰੀਮ ਕੋਰਟ ਦਾ ਜੱਜ ਬਣਨ ਕਰ ਕੇ ਈਰਖਾ ਨਾਲ ਲਗਾਇਆ ਗਿਆ ਹੈ। ਇਸੇ ਜੱਜ ਸਾਹਿਬ ਨੇ ਇਹ ਵੀ ਜਨਤਕ ਤੌਰ 'ਤੇ ਆਖਿਆ ਕਿ ਸੁਪਰੀਮ ਕੋਰਟ ਦੇ ਜੱਜ ਆਪਣੀ ਸੰਮਤੀ ਦੱਸਣ ਲਈ ਪਾਬੰਦ ਨਹੀਂ। ਪਰ ਦਿੱਲੀ ਹਾਈਕੋਰਟ ਦੱ ਫੁੱਲ ਬੈਂਚ ਨੇ ਇਹ ਫੈਸਲਾ ਕਰ ਦਿੱਤਾ ਕਿ ਸੁਪਰੀਮ ਕੋਰਟ ਦੇ ਜੱਜ ਵੀ ਸੂਚਨਾ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ।

ਜੱਜ ਸਾਹਿਬ ਨੂੰ ਭਾਵੇਂ ਉਹ ਸੁਪਰੀਮ ਕੋਰਟ ਕੋਲ 3000 ਕੇਸ ਲੰਬਿਤ ਪਏ ਹਨ ਪਰ ਉਨ੍ਹਾਂ ਦੇ ਨਿਪਟਾਰੇ ਲਈ ਸੁਪਰੀਮ ਕੋਰਟ ਦੇ ਚਾਰ ਬੈਂਚ ਬਣਨ ਦਾ ਵਿਰੋਧ ਕਰ ਰਹੇ ਹਨ, ਜਦਕਿ ਇਹ ਪ੍ਰਬੰਧਕੀ ਮਾਮਲਾ ਹੈ। ਅਜਿਹੇ ਮਾਮਲਿਆਂ ਵਿੱਚ ਜੱਜ ਸਾਹਿਬ ਦੀ ਦਖ਼ਲ-ਅੰਦਾਜ਼ੀ ਜਾਂ ਬਿਨਾਂ ਮੰਗੀ ਰਾਏ ਕਿਸੇ ਤਰ੍ਹਾਂ ਵੀ ਜ਼ਾਇਜ ਨਹੀਂ ਆਖੀ ਜਾ ਸਕਦੀ। ਦੂਜੇ ਦੇਸ਼ਾਂ ਵਿੱਚ ਜਿਵੇਂ ਕਨੈਡਾ ਨੂੰ ਲਓ ਜਿਸ ਦਾ ਸੰਵਿਧਾਨ ਲਗਭਗ ਆਪਣੇ ਵਾਲਾ ਹੈ ਵਿੱਚ ਇੱਕ ਸਟੇਟ ਵਿੱਚ ਕਈ ਸੁਪਰੀਮ ਕੋਰਟਾਂ ਹਨ। 6 ਸੁਪਰੀਮ ਕੋਰਟਾਂ ਇਕੱਲੀ ਬੀ.ਸੀ. ਸਟੇਟ ਵਿੱਚ ਹਨ। ਇਸ ਕਰ ਕੇ ਉੱਥੇ ਨਿਆਂ ਇੱਕ ਸਾਲ ਦੇ ਅੰਦਰ ਮਿਲ ਜਾਂਦਾ ਹੈ।

ਸੋ ਸਰਕਾਰ ਨੂੰ ਚਾਹੀਦਾ ਹੈ ਕਿ ਨਿਆਂ ਮਿਲਣ ਵਿੱਚ ਦੇਰੀ ਨੂੰ ਹੋਰ ਅਦਾਲਤਾਂ ਬਣਾ ਕੇ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ ਤੇ ਪੜਤਾਲੀਆ ਏਜੰਸੀਆਂ ਨੂੰ ਵੀ ਇੱਕ ਸਮਾਂ ਸੀਮਾ ਅੰਦਰ ਪੜਤਾਲ ਮੁਕੰਮਲ ਕਰਨ ਲਈ ਸਮਾਂ ਸੀਮਾ ਤਹਿ ਕੀਤੀ ਜਾਵੇ ਤਾਂ ਕਿ ਮੁਜ਼ਰਮ ਨੂੰ ਕਾਨੂੰਨ ਛੇਤੀ ਸਜ਼ਾ ਅਤੇ ਬੇਕਸੂਰ ਨੂੰ ਛੇਤੀ ਇਨਸਾਫ਼ ਦੇ ਸਕੇ।

99150-67621

ਹਰੇਕ ਦਰੱਖਤ ਗੁਣਾਂ ਦੀ ਖਾਨ ਪਰ ਇਨਸਾਨ ਹੈ ਫਿਰ ਵੀ ਅਣਜਾਣ

ਬੀਰਬਲ ਧਾਲੀਵਾਲ

ਕੁੱਝ ਲੋਕ ਕਹਿੰਦੇ ਹਨ ਪ੍ਰਮਾਤਮਾ ਹੈ, ਕੁੱਝ ਕਹਿੰਦੇ ਹਨ ਨਹੀਂ ਹੈ। ਸੁਖੀ ਆਦਮੀ ਤਾਂ ਕਹਿ ਦਿੰਦਾ ਹੈ, ਰੱਬ ਹੈ ਪਰ ਦੁੱਖੀ ਲੋਕਾਂ ਦੀ ਇਹ ਸ਼ਿਕਾਇਤ ਹੁੰਦੀ ਹੈ। ਜੇ ਹੁੰਦਾ ਸਾਡੀ ਵੀ ਸਾਰ ਲੈ ਲੈਂਦਾ ਪਰ ਉਹ ਇਹ ਕਦੇ ਨਹੀਂ ਸੋਚਦੇ ਕਿ ਦੁੱਖ-ਸੁੱਖ ਵੀ ਧੁੱਪ ਛਾਂ ਅਤੇ ਦਿਨ ਰਾਤ ਵਾਂਗ ਹਨ। ਇਸ ਧਰਤੀ 'ਤੇ ਕਿੰਨੇ ਪ੍ਰਕਾਰ ਦੇ ਦਰੱਖਤ, ਪੌਦੇ-ਜੀਵ, ਜੰਤੂ ਪੰਛੀ ਪਸ਼ੂ ਹਨ। ਇਹ ਸਭ ਕਿੱਥੋਂ ਆਏ ? ਇਹ ਪ੍ਰਮਾਣ ਹੀ ਤਾਂ ਹੈ ਕਿ ਰੱਬ ਹੈ। ਇਸ ਧਰਤੀ ਤੇ ਪਹੁੰਚੇ ਹੀਰ ਜੀਵ-ਜੰਤੂ, ਪਸ਼ੂ-ਪੰਛੀ, ਇਨਸਾਨ ਦੀ ਆਪਣੀ ਮਹੱਤਤਾ ਹੈ। ਉਸ ਵਿੱਚ ਗੁਣ ਜ਼ਰੂਰ ਹੁੰਦੇ ਹਨ। ਪ੍ਰਮਾਤਮਾ ਵੱਲੋਂ ਹਵਾ, ਧੁੱਪ-ਛਾਂ, ਸਾਨੂੰ ਮੁਫਤ ਮਿਲੀ ਹੈ। ਉਸ ਦੀ ਸਾਨੂੰ ਕਦਰ ਨਹੀਂ। ਜੇ ਮੀਂਹ ਪੈ ਰਿਹਾ ਹੋਵੇ। ਸਾਡੇ ਘਰ ਦੇ ਟੱਬ, ਤਲਾਅ ਪਾਣੀ ਦੀ ਡਿੱਗੀ ਵੀ ਮੁਫਤ ਦੇ ਪਾਣੀ ਨਾਲ ਭਰ ਜਾਵੇ ਤਾਂ ਅਸੀਂ ਰੱਬ ਦਾ ਧੰਨਵਾਦ ਨਹੀਂ ਕਰਦੇ। ਜੇ ਮਿਨਰਲ ਵਾਟਰ ਪਾਣੀ ਦੀ ਇੱਕ ਬੋਤਲ ਸਾਨੂੰ ਦੁਕਾਨਦਾਰ ਪੰਦਰਾਂ ਦੀ ਬਜਾਏ ਬਾਰਾਂ-ਤੇਰਾਂ ਰੁਪਏ ਵਿੱਚ ਦੇ ਦੇਵੇ ਤਾਂ ਅਸੀਂ ਦਸ ਵਾਰ ਧੰਨਵਾਦ ਕਰ ਦਿੰਦੇ ਹਾਂ। ਇਹੀ ਸਾਡੀ ਖਾਸੀਅਤ ਹੈ। ਸਾਡੇ ਘਰਾਂ ਅੰਦਰ ਅਤੇ ਸੜਕਾਂ, ਸ਼ਾਮਲਾਟ, ਜ਼ਮੀਨਾਂ ਵਿੱਚ ਖੜ੍ਹੇ ਦਰੱਖਤ ਕਿੰਨੇ ਗੁਣਕਾਰੀ ਹਨ। ਅਸੀਂ ਕਦੇ ਨਹੀਂ ਸੋਚਿਆ। ਸਭ ਤੋਂ ਪਹਿਲਾਂ ਤਾਂ ਸਾਨੂੰ ਠੰਢੀ ਸੰਘਣੀ ਛਾਂ ਸ਼ੁੱਧ ਆਕਸੀਜਨ ਦਿੰਦੇ ਹਨ। ਜੇ ਥੋੜ੍ਹਾ ਬਰੀਕੀ ਵਿੱਚ ਜਾ ਕੇ ਸੋਚਿਆ ਜਾਵੇ ਤਾਂ ਦਰੱਖਤਾਂ ਤੋਂ ਸ਼ੁਰੂ ਕਰਦੇ ਹਾਂ।

* ਨਿੰਮ-ਇਸ ਦੀ ਠੰਢੀ ਛਾਂ, ਨਿਮੋਲੀ ਤੋਂ ਸਾਬਣ ਪੱਤਿਆਂ ਨੂੰ ਪਾਣੀ ਵਿੱਚ ਉਬਾਲ ਕੇ ਫੋੜੇ ਫਿੰਸੀ ਨੂੰ ਧੋਣ ਨਾਲ ਜ਼ਖਮ ਜਲਦੀ ਠੀਕ ਹੋ ਜਾਂਦਾ ਹੈ। ਇਸ ਦੀ ਟਾਹਣੀ ਦਾਤਣ ਕਰਨ ਨਾਲ ਜਾੜ ਨੂੰ ਕੀੜਾ ਨਹੀਂ ਲੱਗਦਾ। ਦੰਦ ਪੂਰੀ ਤਰ੍ਹਾਂ ਤੰਦਰੁਸਤ ਰਹਿੰਦੇ ਹਨ। ਇਸ ਦੀ ਲੱਕੜ ਪੇਟੀ ਸੰਦੂਕ ਬਣਾਉਣ ਦੇ ਕੰਮ ਆਉਂਦੀ ਹੈ।

* ਡੇਕ ਇਸ ਦੀ ਛੱਤਰੀ ਵਰਗੀ ਛਾਂ ਜੋ ਬਹੁਤ ਠੰਢੀ ਹੁੰਦੀ ਹੈ। ਇਸ ਦੀ ਨਿਮੋਲੀ ਪੀਸ ਕੇ, ਵਿੱਚ ਬਹੇੜੇ ਅਤੇ ਮਲੱਠੀ ਪਾ ਕੇ ਪਾਊਡਰ ਬਣਾ ਕੇ ਸਵੇਰੇ-ਸ਼ਾਮ ਇੱਕ-ਇੱਕ ਚਮਚ ਖਾਣ ਨਾਲ ਬਵਾਸੀਰ ਨਹੀਂ ਰਹਿੰਦੀ। ਕਬਜ਼ ਅਤੇ ਪੇਟ ਦੀਆਂ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ।

* ਟਾਹਲੀ-ਇਸ ਦੀ ਟਾਹਣੀ ਦਾਤਣ ਕਰਨ ਦੇ ਕੰਮ ਅਤੇ ਲੱਕੜ ਫਰਨੀਚਰ ਬਣਾਉਣ ਵਿੱਚ ਬਹੁਤ ਮਹੱਤਵਪੂਰਨ ਹੈ।

* ਕਿੱਕਰ ਇਹ ਵੀ ਬਹੁਤ ਗੁਣਕਾਰੀ ਹੈ। ਇਸ ਦੀ ਟਾਹਣੀ ਦੀ ਦਾਤਣ ਕਰਨ ਦੇ ਕੰਮ ਆਉਂਦੀ ਹੈ। ਤੁੱਕੇ ਅਚਾਰ ਪਾਉਣ ਦੇ ਕੰਮ ਆਉਂਦੇ ਹਨ। ਇਸ 'ਤੇ ਲੱਗਦੀ ਗੂੰਦ ਬਹੁਤ ਸਾਰੀਆਂ ਦਵਾਈਆਂ ਵਿੱਚ ਪਾਈ ਜਾਂਦੀ ਹੈ। ਇਸ ਦੇ ਲੁੰਗ ਖਾਣ ਨਾਲ ਮੂੰਹ ਵਿੱਚ ਬੈਅ-ਬਾਦੀ ਨਹੀਂ ਰਹਿੰਦੀ।

* ਕਨੇਰ-ਬਹੁਤ ਸੰਘਣੀ ਛਾਂ, ਟਾਹਣੀ ਦਾਤਣ ਕਰਨ ਦੇ ਕੰਮ ਆਉਂਦੀ ਹੈ।

* ਸਫੈਦਾ-ਟਾਹਣੀ ਦਾਤਣ ਕਰਨ ਬਰੋਦਾ ਬਣਦਾ ਹੈ ਤੇਲ ਨਿਕਲਦਾ ਹੈ।

* ਬੇਰੀ-ਖਾਣ ਲਈ ਮਿੱਠੇ ਬੇਰ, ਫਰਨੀਚਰ ਲਈ ਲੱਕੜੀ।

* ਬੋਹੜ-ਇਹ ਦਿਨ ਰਾਤ ਸ਼ੁੱਧ ਆਕਸੀਜਨ ਛੱਡਦਾ ਹੈ। ਇਸ ਦਾ ਦੁੱਧ ਜੋੜਾਂ ਦੇ ਦਰਦਾਂ ਲਈ। ਇਸ ਦੀ ਦਾਹੜੀ ਬਹੁਤ ਸਾਰੀਆਂ ਦਵਾਈਆਂ ਵਿੱਚ ਪੈਂਦੀ ਹੈ। ਸੈਕਸ ਦੀ ਕਮਜ਼ੋਰੀ ਦੂਰ ਕਰਨ ਲਈ ਵਰਤਿਆ ਜਾਂਦਾ ਹੈ। ਇਸ 'ਤੇ ਲੱਗਦੇ ਮਾਟਿਆਂ ਨੂੰ ਬੱਚੇ ਅਤੇ ਹੋਰ ਜਾਨਵਰ ਬਹੁਤ ਖੁਸ਼ ਹੋ ਕੇ ਖਾਂਦੇ ਹਨ। ਪਿੰਡਾਂ ਦੇ ਬਜ਼ੁਰਗ ਗਰਮੀ ਵਿੱਚ ਦੁਪਹਿਰ ਵੇਲੇ ਇੱਥੇ ਆ ਕੇ ਤਾਸ਼ ਖੇਡਦੇ ਹਨ ਅਤੇ ਮੱਝਾਂ, ਗਾਵਾਂ ਅਤੇ ਭੇਡ ਬੱਕਰੀਆਂ ਵਾਲੇ ਵੀ ਇੱਥੇ ਦੁਪਹਿਰ ਗੁਜਾਰਦੇ ਹਨ। ਇਹ ਪਾਕਿ ਪਵਿੱਤਰ ਮੰਨਿਆ ਗਿਆ ਹੈ।

*ਪਾਪੂਲਰ-ਇਹ ਲੰਬਾ ਲੁੰਝਾ ਦਰੱਖਤ ਹੈ। ਇਸ ਦੀ ਮਾਚਿਸ ਦੀ ਤੀਲੀ ਅਤੇ ਪਲਾਈ ਬੋਰਡਾਂ ਵਿੱਚ ਵਰਤਿਆ ਜਾਂਦਾ ਹੈ। ਥੋੜ੍ਹੇ ਸਮੇਂ ਵਿੱਚ ਵੱਡਾ ਹੋ ਜਾਂਦਾ ਹੈ।

* ਜੰਡ-ਇਸ ਦਾ ਵੀ ਪੁਰਾਣ ਇਤਿਹਾਸ ਹੈ। ਇਸ ਦੇ ਖੋਖਿਆਂ ਨੂੰ ਬੱਚੇ-ਵੱਡੇ ਖਾਂਦੇ ਹਨ। ਇਸ ਦਾ ਖੇਤੀ ਦੇ ਕੰਮ ਵਿੱਚ ਆਉਣ ਵਾਲਾ ਸੁਹਾਗਾ ਬਣਦਾ ਹੈ। ਇਸ ਦਾ ਚਰਖਾ ਵੀ ਬਣਦਾ ਹੈ ਜੋ ਬੜਾ ਮਸ਼ਹੂਰ ਹੈ।

* ਤੂਤ-ਇਸ ਤੇ ਲਾਲ-ਕਾਲੀਆਂ ਤੂਤੀਆਂ ਜੋ ਬਹੁਤ ਸਵਾਦ ਹੁੰਦੀਆਂ ਹਨ। ਇਸ ਦੇ ਟਾਹਣਿਅ ਦੇ ਟੋਕਰੇ, ਟੋਕਰੀਆਂ ਅਤੇ ਵਧੀਆ ਡਾਗਾਂ ਵੀ ਬਣਦੀਆਂ ਹਨ।

* ਜਾਮਣ ਇਸ ਤੇ ਜਾਮਣਾਂ ਲੱਗਦੀਆਂ ਹਨ। ਪੱਤੇ ਸੁਕਾ ਕੇ ਪੀਸ ਕੇ ਪਾਊਡਰ ਖਾਣ ਨਾਲ ਸ਼ੂਗਰ ਦੇ ਮਰੀਜ਼ ਨੂੰ ਰਾਹਤ ਮਿਲਦੀ ਹੈ।

* ਮੱਲ੍ਹੇ-ਇਸ ਤੇ ਛੋਟੇ-ਛੋਟੇ ਮਿੱਠੇ ਬੇਰ ਅਤੇ ਟਾਹਣੀਆਂ ਵਾੜ ਕਰਨ ਦੇ ਕੰਮ ਆਉਂਦੀਆਂ ਹਨ।

* ਅਨਾਰ-ਇਸ ਤੇ ਲੱਗਦੇ ਅਨਾਰਾਂ ਦਾ ਜੂਸ ਬਹੁਤ ਗੁਣਕਾਰੀ ਹੈ। ਦਵਾਈਆਂ ਵਿੱਚ ਅਨਾਰ ਦਾ ਛਿਲਕਾ, ਬੱਚੇ ਦੀ ਪੁੜ-ਪੁੜੀ ਤੇ ਰੱਖਣ ਨਾਲ ਜੇ ਬੱਚੇ ਦਾ ਕਾਂ ਬੈਠਿਆ ਹੋਵੇ ਤਾਂ ਠੀਕ ਹੋ ਜਾਂਦਾ ਹੈ। ਮੇਕਅੱਪ ਦੇ ਸਮਾਨ ਵਿੱਚ ਵੀ ਅਨਾਰ ਵਰਤਿਆ ਜਾਂਦਾ ਹੈ।

*ਫਰਵਾਹ-ਇਹ ਲੰਬਾ-ਲੁੰਝਾ ਦਰੱਖਤ ਹੈ। ਇਸ ਦੇ ਬਰੀਕ ਪੱਤਿਆਂ ਨੂੰ ਸੁਕਾ ਕੇ ਚੀਕਣੀ ਕਾਲੀ ਮਿੱਟੀ ਵਿੱਚ ਮਿਲਾ ਕੇ ਘਰਾਂ ਵਿੱਚ ਵਰਤੇ ਜਾਂਦੇ ਚੁੱਲ੍ਹੇ। ਹਾਰੇ, ਤੰਦੂਰ, ਬੋਹੀਏ ਬਣਾਏ ਜਾਂਦੇ ਹਨ ਅਤੇ ਲੱਕੜ ਵੀ ਕੀਮਤੀ ਹੈ।

* ਬਾਂਸ-ਇਸ ਦੇ ਟਾਹਣੇ ਦੀ ਪੌੜੀ, ਢੂਲੇ ਪੈੜਾਂ ਦੇ ਸਮਾਨ ਵਿੱਚ, ਆਦਮੀ-ਔਰਤ ਦੀ ਮੌਤ ਸਮੇਂ ਅਰਥੀ ਵਿੱਚ ਵੀ ਬਾਂਸ ਕੰਮ ਆਉਂਦੀ ਹੈ। ਇਸ ਤੋਂ ਇਲਾਵਾ, ਡਾਗਾਂ, ਸੋਟੀਆਂ ਵੀ ਬਣਦੀਆਂ ਹਨ।

* ਸੋ ਕਟਰ-ਇਸ ਦੀ ਲੱਕੜ ਹਰਿਆਲੀ ਅਤੇ ਡਿਜ਼ਾਇਨ ਦੇ ਕੰਮ ਆਉਂਦੀ ਹੈ।

* ਕਰੀਰ-ਇਸ ਤੇ ਲੱਗਦੇ ਡੇਲਿਆਂ ਦਾ ਆਚਾਰ ਪਾਇਆ ਜਾਂਦਾ ਹੈ। ਇਸ ਦੀਆਂ ਟਾਹਣੀਆਂ ਸੇਵੀਆਂ ਵੱਟਣ ਵੇਲੇ ਕੰਮ ਆਉਂਦੀਆਂ ਹਨ। ਸੁਆਣੀਆਂ ਸੇਵੀਆਂ ਵੱਟ ਕੇ ਇਸ ਦੀਆਂ ਟਾਹਣੀਆਂ ਉੱਪਰ ਸੁੱਟਦੀਆਂ ਹਨ।

* ਬਣ-ਇਸ ਤੇ ਲੱਗਦੀਆਂ ਪੀਹਲਾ ਸੁਆਦੀ ਹੁੰਦੀਆਂ ਹਨ। ਇਸ ਦੇ ਟਾਹਣੇ ਤੋਂ ਬਣਿਆ ਖੂੰਡਾ ਬਹੁਤ ਜਾਨਦਾਰ ਹੁੰਦਾ ਹੈ, ਜੋ ਜਲਦੀ ਨਹੀਂ ਟੁੱਟਦਾ।

* ਇਮਲੀ-ਇਸ ਦੇ ਪੱਤਿਆਂ ਦਾ ਆਚਾਰ ਪਾਇਆ ਜਾਂਦਾ ਹੈ। ਸੌਸ ਵਿੱਚ ਵਰਤਿਆ ਜਾਂਦਾ ਹੈ। ਇਮਲੀ ਬੱਚੇ ਚਾਅ ਨਾਲ ਖਾਂਦੇ ਹਨ। ਟਾਹਣੀ ਵੀ ਕੀਮਤੀ ਹੈ।

* ਵਿੱਦਿਆ-ਪੜ੍ਹਾਈ-ਇਹ ਬਹੁਤ ਪਾਕਿ-ਪਵਿੱਤਰ ਮੰਨਿਆ ਜਾਂਦਾ ਹੈ, ਜਿਸ ਨੂੰ ਬੱਚੇ ਆਪਣੀਆਂ ਕਿਤਾਬਾਂ ਕਾਪੀਆਂ ਵਿੱਚ ਹਮੇਸ਼ਾਂ ਪਾ ਕੇ ਰੱਖਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਬੱਚਿਆਂ ਦਾ ਦਿਮਾਗ ਤੇਜ਼ ਹੋ ਜਾਂਦਾ ਹੈ ਅਤੇ ਉਹ ਪੜ੍ਹਾਈ ਵਿੱਚ ਹੁਸ਼ਿਆਰ ਹੋ ਜਾਂਦੇ ਹਨ।

* ਤੁਲਸੀ-ਇਹ ਬਹੁਤ ਪਾਕਿ-ਪਵਿੱਤਰ ਬੂਟਾ ਹੈ, ਜੋ ਅਸਾਨੀ ਨਾਲ ਨਹੀਂ ਉਗਦਾ ਹੈ। ਜ਼ਿਆਦਾਤਰ ਧਾਰਮਿਕ ਥਾਵਾਂ 'ਤੇ ਲਾਇਆ ਜਾਂਦਾ ਹੈ। ਇਸ ਦੇ ਗੁਣ ਅਨੰਤ ਹਨ, ਜਿਨ੍ਹਾਂ ਨੂੰ ਲਿਖਣਾ ਸੌਖਾ ਕੰਮ ਨਹੀਂ ਹੈ। ਇਸ ਦੇ ਪੱਤੇ ਖਾਣ-ਪੀਣ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ। ਇਸ ਲਈ ਜੇ ਇਸ ਨੂੰ ਗੁਣਾਂ ਦੀ ਖਾਨ ਕਿਹਾ ਜਾਵੇ ਤਾਂ ਕੁੱਝ ਗਲਤ ਨਹੀਂ।

* ਨਸੂੜਾ-ਇਸ ਦੀਆਂ ਨਸੂੜੀਆਂ ਬਹੁਤ ਸਵਾਦ ਹੁੰਦੀਆਂ ਹਨ। ਇਸ ਵਿੱਚ ਤੁਰੰਤ ਗੂੰਦ ਤਿਆਰ ਹੁੰਦਾ ਹੈ। ਇਸ ਦੀਆਂ ਨਸੂੜੀਆਂ ਵਿੱਚੋਂ ਨਿਕਲਦਾ ਰਸ ਗੂੰਦ ਹੀ ਹੁੰਦਾ ਹੈ। ਇਹ ਛਾਂ ਦੇ ਨਾਲ ਫਲ ਵੀ ਦਿੰਦਾ ਹੈ।

* ਰੇਰੂ-ਇਸ ਦੀ ਲੱਕੜੀ ਦੇ ਚਰਖੇ ਬਣਦੇ ਹਨ।

* ਬੋਤਲ ਬੁਰਸ਼-ਫੁਲਾਵਰ ਦੇ ਕੰਮ ਆਉਂਦਾ ਹੈ। ਇਸ ਦੇ ਫੁੱਲ ਬਹੁਤ ਸੋਹਣੇ ਹੁੰਦੇ ਹਨ।

* ਸ਼ਰੀਂਹ-ਇਸ ਦੀ ਲੱਕੜ ਬੇਸ਼ਕੀਮਤੀ ਹੁੰਦੀ ਹੈ।

* ਸਾਹਲ-ਇਸ ਦੀ ਲੱਕੜ ਬਹੁਤ ਉਪਯੋਗੀ, ਮਜ਼ਬੂਤ ਫਰਨੀਚਰ ਬਣਦਾ ਹੈ।

* ਸਾਗਵਾਨ-ਇਸ ਦੀ ਲੱਕੜ ਦਾ ਬਹੁਤ ਜ਼ਿਆਦਾ ਕੀਮਤੀ ਤੇ ਮਹਿੰਗਾ ਫਰਨੀਚਰ ਬਣਦਾ ਹੈ, ਇਸ ਦੇ ਦਰੱਖਤਾਂ ਦੀ ਗਿਣਤੀ ਘੱਟ ਰਹੀ ਹੈ।

* ਚੀਲ-ਇਹ ਬਹੁਤ ਜ਼ਿਆਦਾ ਹਲਕੀ ਅਤੇ ਮਜ਼ਬੂਤ ਹੁੰਦੀ ਹੈ, ਜਿਸ ਦਾ ਫਰਨੀਚਰ ਜੋੜੀਆਂ, ਤਾਕੀਆਂ, ਚੁਗਾਠਾਂ ਦੇ ਕੰਮ ਆਉਂਦੀ ਹੈ।

ਅੰਬ-ਅੰਬ ਦੇ ਦਰੱਖਤ ਤੇ ਲੱਗਦੀਆਂ ਅੰਬੀਆਂ ਦਾ ਅਚਾਰ ਪਾਇਆ ਜਾਂਦਾ ਹੈ। ਮਿੱਠੇ ਅੰਬ ਖਾਣ ਦੇ ਕੰਮ ਆਉਂਦੇ ਹਨ। ਅੰਬ ਦੀ ਲੱਕੜੀ ਦੀ ਪੇਟੀ ਅਤੇ ਢੋਲਕੀਆਂ ਬਣਦੀਆਂ ਹਨ। ਇਸ ਤੋਂ ਇਲਾਵਾ ਦਿਮਾਗੀ ਕਮਜ਼ੋਰੀ ਲਈ ਅੰਬ ਦਾ ਟੁੱਕੜਾ ਇੱਕ ਚੌਥਾਈ ਕੱਚਾ ਦੁੱਧ ਇੱਕ ਚਮਚ ਅਦਰਕ ਦਾ ਰਸ ਸਵਾਦ ਅਨੁਸਾਰ ਖੰਡ ਸਾਰਿਆਂ ਨੂੰ ਮਿਲਾ ਕੇ ਇੱਕ ਵਾਰ ਰੋਜ਼ ਪੀਓ। ਦਿਮਾਗ ਦੀ ਕਮਜ਼ੋਰੀ ਦੂਰ ਕਰਨ ਵਿੱਚ ਮਹੱਤਵਪੂਰਨ ਹੈ। ਸਿਰ ਦਰਦ ਅੱਖਾਂ ਅੱਗੇ ਹਨ੍ਹੇਰਾ ਆਉਣਾ ਦੂਰ ਹੁੰਦਾ ਹੈ। ਸਰੀਰ ਹਮੇਸ਼ਾਂ ਤੰਦਰੁਸਤ ਰਹਿੰਦਾ ਹੈ। ਇਹ ਖੂਨ ਸਾਫ ਕਰਦਾ ਹੈ।

ਪਿੱਪਲ-ਪਿੱਪਲ ਦੇ ਸੁੱਕੇ ਪੱਤੇ ਪੀਸ ਲਵੋ। ਦਿਨ ਵਿੱਚ ਇੱਕ ਚਮਚ ਚੂਰਨ ਪਾਣੀ ਨਾਲ ਲੈਣ ਤੇ ਗਰਭ ਠਹਿਰ ਜਾਂਦਾ ਹੈ। ਸੈਕਸ ਦੀ ਕਮਜ਼ੋਰੀ ਦੂਰ ਕਰਨ ਲਈ ਹਰ ਰੋਜ਼ ਪਿੱਪਲ ਦੇ ਦੁੱਧ ਦੀਆਂ ਦੱਸ ਬੂੰਦਾਂ ਪਤਾਸੇ ਤੇ ਪਾ ਕੇ ਸੇਵਨ ਕਰੋ। ਦਮਾ-ਪਿੱਪਲ ਦੀ ਸੁੱਕੀ ਛਿੱਲ ਦਾ ਚੂਰਨ ਕੋਸੇ ਪਾਣੀ ਨਾਲ ਦਿਨ ਵਿੱਚ ਤਿੰਨ ਚਾਰ ਵਾਰ ਲਵੋ। ਪੇਟ ਦੇ ਕੀੜੇ ਖਤਮ ਕਰਨ ਲਈ ਪਿੱਪਲ ਦੇ ਪੱਤੇ ਦਾ ਚੂਰਨ ਬਣਾ ਕੇ ਬਰਾਬਰ ਦਾ ਗੁੜ ਮਿਲਾ ਕੇ ਪੀਸ ਕੇ ਸੌਂਫ ਨਾਲ ਖਾਓ। ਪੀਲੀਆਂ ਖਤਮ ਕਰਨ ਲਈ ਪਿੱਪਲ ਅਤੇ ਨਸੂੜਾ ਦੇ ਪੰਜ-ਪੰਜ ਪੱਤੇ ਪੀਸ ਕੇ ਸੇਂਧਾ ਨਮਕ ਮਿਲਾ ਕੇ ਵਰਤੋਂ ਕਰਨ ਨਾਲ ਪੀਲੀਆਂ ਠੀਕ ਹੁੰਦਾ ਹੈ। ਕਬਜ਼ ਠੀਕ ਕਰਨ ਲਈ ਪਿੱਪਲ ਦੇ ਸੁੱਕੇ ਪੱਤੇ ਕੁੱਟ ਕੇ ਬਰੀਕ ਬਣਾ ਲਵੋ। ਇਸ ਚੂਰਨ ਵਿੱਚ ਗੁੜ ਮਿਲਾ ਕੇ ਖਾਓ। ਇਸ ਤੋਂ ਇਲਾਵਾ ਵੀ ਪਿੱਪਲ ਵਿੱਚ ਬਹੁਤ ਗਦ ਹਨ। ਵਿਆਹ ਸ਼ਾਦੀਆਂ ਮੌਕੇ ਪਾਣੀ ਵਾਰਨ ਸਮੇਂ ਇਸ ਦੀ ਟਾਹਣੀ ਨੂੰ ਪਾਣੀ ਦੀ ਗੜਵੀ ਵਿੱਚ ਰੱਖ ਕੇ ਪਾਣੀ ਵਾਰਿਆ ਜਾਂਦਾ ਹੈ। ਪੁੱਤਰ ਪੈਦਾ ਹੋਣ ਅਤੇ ਹੋਰ ਖੁਸ਼ੀ ਦੇ ਮੌਕੇ ਪਿੱਪਲ ਦੇ ਪੱਤੇ ਘਰ ਅੱਗੇ ਟੰਗੇ ਜਾਂਦੇ ਹਨ, ਜਿਨ੍ਹਾਂ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ।

* ਨਿੰਮ-10 ਬੂੰਦਾਂ ਨਿੰਮ ਦਾ ਤੇਲ ਪਾਨ ਦੇ ਪੱਤੇ ਤੇ ਲਗਾ ਕੇ ਚਬਾਓ। ਦਮਾ ਅਤੇ ਖਾਂਸੀ ਠੀਕ ਹੋਵੇਗੀ। ਨਿੰਮ ਦੀ ਦਾਤਣ ਕਰਨ ਨਾਲ ਮਸੂੜੇ ਮਜ਼ਬੂਤ, ਮੂੰਹ ਦੀ ਬਦਬੂ ਦੂਰ ਹੁੰਦੀ ਹੈ। ਨਿੰਮ ਦਾ ਤੇਲ ਪੀਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ। ਜੂੰਆਂ ਖਤਮ ਕਰਨ ਲਈ ਨਿੰਮ ਦਾ ਤੇਲ ਲਗਾਓ।

ਸਾਰੇ ਦਰੱਖਤਾਂ ਬਾਰੇ ਤਾਂ ਲਿਖਿਆ ਨਹੀਂ ਜਾ ਸਕਦਾ। ਨਾ ਹੀ ਅਸੀਂ ਗਿਣਤੀ ਕਰ ਸਕਦੇ ਹਾਂ, ਪਰ ਇੰਨਾ ਜ਼ਰੂਰ ਕਹਿ ਸਕਦੇ ਹਾਂ ਕਿ ਇੱਕ ਰੁੱਖ ਲਗਾਉਣ ਨਾਲ ਬਹੁਤ ਪੁੰਨ ਅਤੇ ਫਲ ਮਿਲਦਾ ਹੈ। ਸਾਡੇ ਘਰਾਂ ਵਿੱਚ ਅਤੇ ਆਸੇ-ਪਾਸੇ ਜੋ ਦਰੱਖਤ ਖੜ੍ਹੇ ਹਨ।

ਉਹ ਬਹੁਤ ਜ਼ਿਆਦਾ ਕੀਮਤੀ ਹਨ, ਜਿਹੜਾ ਰੋਗ ਡਾਕਟਰਾਂ ਤੋਂ ਠੀਕ ਨਹੀਂ ਹੁੰਦਾ। ਉਸ ਨੂੰ ਕਿਸੇ ਦਰੱਖਤ ਦੇ ਕੁੱਝ ਪੱਤੇ ਠੀਕ ਕਰ ਦਿੰਦੇ ਹਨ। ਅਸੀਂ ਦੰਦਾਂ ਦੀ ਸਾਂਭ-ਸੰਭਾਲ ਲਈ ਮਹਿੰਗੇ ਤੋਂ ਮਹਿੰਗਾ ਟੂਥ ਪੇਸਟ ਤਾਂ ਘਰ ਲੈ ਆਉਂਦੇ ਹਾਂ, ਪਰ ਆਪਣੇ ਘਰ ਦੇ ਵਿਹੜੇ ਵਿੱਚ ਖੜ੍ਹੇ ਦਰੱਖਤ ਦੀ ਟਾਹਣੀ ਤੋੜ ਕੇ ਦਾਤਣ ਨਹੀਂ ਕਰਦੇ। ਅੱਜ ਦਾ ਇਨਸਾਨ ਧਾਰਮਿਕ ਸਮਾਗਮਾਂ ਲਈ ਹਜ਼ਾਰਾਂ ਰੁਪਏ ਦੇ ਦਿੰਦਾ ਹੈ ਅਤੇ ਹੋਰ ਵੀ ਦਾਨ ਪੁੰਨ ਕਰਦਾ ਹੈ, ਪਰ ਦਰੱਖਤ ਨਹੀਂ ਲਾਉਂਦਾ। ਹਰੇਕ ਇਨਸਾਨ ਦਾ ਫਰਜ਼ ਹੈ ਕਿ ਉਹ ਆਪਣੇ ਹੱਥੀਂ ਵੀਹ ਤੋਂ ਪੰਜਾਹ ਤੱਕ ਦਰੱਖਤ ਸਾਂਝੀਆਂ ਥਾਵਾਂ ਉੱਤੇ ਲਗਾਏ ਜਿਵੇਂ ਸੜਕਾਂ, ਧਰਮਸ਼ਾਲਾਵਾਂ, ਸਕੂਲਾਂ, ਮੰਦਰਾਂ, ਗੁਰੂ ਘਰਾਂ ਆਦਿ ਥਾਵਾਂ ਉੱਤੇ ਲਗਾਏ ਅਤੇ ਆਪਣੇ ਦੋਸਤਾਂ ਮਿੱਤਰਾਂ ਅਤੇ ਬੱਚਿਆਂ ਨੂੰ ਵੀ ਪ੍ਰੇਰਿਤ ਕਰੇ। ਇਸ ਨਾਲ ਜਿੱਥੇ ਵਾਤਾਵਰਣ ਸ਼ੁੱਧ ਹੋਵੇਗਾ। ਉੱਥੇ ਸਾਨੂੰ ਤਰੋ-ਤਾਜ਼ਾ ਹਵਾ, ਫੁੱਲ, ਫਲ ਦਵਾਈਆਂ ਵੀ ਮਿਲ ਸਕਦੀਆਂ ਹਨ। ਇਹ ਹਮੇਸ਼ਾਂ ਇਹੀ ਸੋਚਦੇ ਹਾਂ ਕਿ ਪਹਿਲ ਦੂਜਾ ਕਰੇ ਨਹੀਂ ਪਹਿਲ ਸਾਨੂੰ ਖੁਦ ਕਰਨ ਪਵੇਗੀ। ਜੇ ਅਸੀਂ ਇਸੇ ਤਰ੍ਹਾਂ ਅਵੇਸਲੇ ਬੈਠੇ ਰਹੇ ਇਸ ਨਾਲ ਦਰੱਖਤਾਂ ਦੀ ਗਿਣਤੀ ਤਾਂ ਘਟੇਗੀ ਹੀ ਬਹੁਤ ਸਾਰੇ ਦਰੱਖਤ ਲੁਪਤ ਹੋ ਜਾਣਗੇ। ਇਸ ਨਾਲ ਸਾਡਾ ਅਤੇ ਆਉਣ ਵਾਲੀ ਪੀੜ੍ਹੀ ਦਾ ਭਾਰੀ ਨੁਕਸਾਨ ਹੋਵੇਗਾ। ਸਾਰੇ ਧਾਰਮਿਕ ਸੰਸਥਾਵਾਂ, ਕਲੱਬਾਂ ਅਤੇ ਸਿਆਸੀ ਪਾਰਟੀਆਂ ਦੇ ਲੋਕਾਂ ਨੂੰ ਹੰਭਲਾ ਮਾਰਨਾ ਹੋਵੇਗਾ। ਅਸੀਂ ਆਪਣੇ ਘਰ ਬੱਚਾ ਪੈਦਾ ਹੋਣ, ਵਿਆਹ ਸ਼ਾਦੀ ਜਾਂ ਹੋਰ ਖੁਸ਼ੀ ਮੌਕੇ ਤੇ ਸੌ ਦੋ ਸੌ ਦਰੱਖਤ ਜ਼ਰੂਰ ਲਗਵਾ ਦੇਈਏ ਤਾਂ ਬਹੁਤ ਵਧੀਆ ਕੰਮ ਹੋਵੇਗਾ। ਇਸ ਲਈ ਕੰਮਾਂ-ਕਾਰਾਂ ਦੇ ਝੰਜਟ ਵਿੱਚੋਂ ਟਾਇਮ ਕੱਢ ਕੇ ਦਰੱਖਤ ਲਾਉਣ ਦਾ ਉਪਰਾਲਾ ਜ਼ਰੂਰ ਕਰੀਏ।

ਮੁੜ ਆਵੀਂ ਵਤਨਾਂ ਨੂੰ...

ਮੁੜ ਆਵੀਂ ਵਤਨਾਂ ਨੂੰ, ਲੈ ਆਵੀਂ ਨਾਲ ਸਾਡੇ ਵੀ ਹਾਸੇ,
ਜਦ ਦਾ ਪ੍ਰਦੇਸ ਗਿਆ ਏਂ ਚੰਨਾ, ਵੱਢ-ਵੱਢ ਖਾਂਦੇ ਘਰ ਦੇ ਪਾਸੇ।
ਇਹ ਮਾਂ ਝੱਲਦੀ ਨਹੀਂ, ਉਹ ਮਾਂ ਦਿੰਦੀ ਫਿਰੇ ਦਿਲਾਸੇ।
ਮੁੜ ਆਵੀਂ ਵਤਨਾਂ ਨੂੰ ਲੈ ਆਂਵੀਂ ਨਾਲ ਸਾਡੇ ਵੀ ਹਾਸੇ।
ਮਾਂ ਲੜਦੀ ਇੱਥੇ ਵੀ,ਦਿੰਦੀ ਮਿਹਣੇ ਵੰਨ-ਸਵੰਨੇ,
ਉਸ ਮਾਂ ਕੋਲ ਜਾ ਕੇ ਵੀ ਦਿਲ ਨਹੀਂ ਲੱਗਦਾ ਕਿਸੇ ਵੀ ਬੰਨੇ।
ਮੁੜ ਆ ਜਾ ਵਤਨਾਂ ਨੂੰ, ਕਿਤੇ ਮੁਕ ਹੀ ਨਾ ਜਾਣ ਨਾ ਹਾਸੇ,
ਰੋ ਰੋ ਕੇ ਥੱਕ ਗਈ ਹਾਂ,
ਦਿਲ ਲੱਗਦਾ ਨਹੀਂ ਕਿਸੇ ਵੀ ਪਾਸੇ।
ਆ ਕੇ ਦੇ ਜਾ ਕਿਤੇ ਦਿਲਾਸੇ,
ਮੁੜ ਆਵੀਂ ਵਤਨਾਂ ਨੂੰ, ਲੈ ਆਵੀਂ ਨਾਲ ਸਾਡੇ ਵੀ ਹਾਸੇ।
ਬਹੁਤੀ ਦੇਰ ਨਾ ਕਰ ਦੇਵੀਂ।
ਮੁੜ ਆਵੀਂ ਵਤਨਾਂ ਨੂੰ...।

ਸੁਰਜੀਤ ਸਿੰਘ
609 ਗੁਰੂ ਨਾਨਕਪੁਰਾ
ਜਲੰਧਰ